56 G.

56 G.

Digitized by Panjab Digital Library | www.panjabdigilib.org

262—3-4-61—30,000—C. P. and S. Pb, Patiala

Accn. No. ________

Class No. ________ Book No. ________

Author ________

Title ________

| Issued on | Borrower's Signature | Returned on |
| --- | --- | --- |
| | | |
| | | |
| | | |
| | | |
| | | |

## LANGUAGE DEPARTMENT LIBRARY, PUNJAB.

1. Books are issued for............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

264

Digitized by Panjab Digital Library | www.panjabdigilib.org

262—3-4-61—30,000—C. P andS. Pb. Patiala.

LANGUAGE DEPARTMENT

**LIBRARY ACC. No. ______ PUNJAB.**

# Date Due

| Date of Issue | Date of Return | Date of Issue | Date of Return |
|---|---|---|---|
| | | | |

Digitized by Panjab Digital Library | www.panjabdigilib.org

56 G.

# ਮੈਂ ਬਾਗ਼ੀ ਹਾਂ

ਦਰਸ਼ਨ ਸਿੰਘ "ਅਵਾਰਾ"

LIBRARY
A.C.C. No...

ਲਾਹੌਰ ਬੁਕ ਸ਼ਾਪ
ਨਿਸਬਤ ਰੋਡ : ਮੋਹਨ ਲਾਲ ਰੋਡ
ਲਾਹੌਰ

Digitized by Panjab Digital Library | www.panjabdigilib.org

*Printer*,
S. Amar Singh,
Model Electric Press,
13, Maclagan Road, LAHO .E.

56 G
821
ਟਹਸ - ਮ

ਪਹਿਲੀ ਵੇਰ – ਨਵੰਬਰ ੧੯੪੧
ਦੂਜੀ ਵੇਰ – ਮਈ, ੧੯੪੫

*Publisher*,
S. Jiwan Singh M. A.,
*Prop*. Lahore Book Shop
30, Nisbet Road,
LAHORE.

Digitized by Panjab Digital Library | www.panjabdigilib.org

# ਚੌਂਕ ਦਾ ਸਿਪਾਹੀ


| ਅਸੀਂ | ਏਥੇ |
|---|---|
| ੧. ਛੁਟਾ | ੪ |
| ੨. ਜ਼ਿੰਦਗੀ ਦਾ ਨਾਚ | ੭ |
| ੩. ਮੈਂ ਬਾਗ਼ੀ ਹਾਂ | ੧੭ |
| ੪. ਹਿੰਦੀ ਜਵਾਨ ਨੂੰ | ੨੬ |
| ੫. ਬੰਦਾ — ਮਜ਼ਹਬ ਨੂੰ | ੩੪ |
| ੬. ਮਜ਼ਹਬ — ਬੰਦੇ ਨੂੰ | ੪੫ |
| ੭. ਲੋੜ ਹੈ | ੫੭ |
| ੮. ਤੂੰ ? ਮੇਰੀਆਂ ਅਖੀਆਂ ਦਾ ਨੂਰ ? | ੬੫ |
| ੯. ਘੁੰਡ ਮੁਖੜੇ ਤੋਂ ਚਾ ਓਇ ਯਾਰ ! | ੭੩ |
| ੧੦. ਰੱਬ — ਗੁਰੂ ਨਾਨਕ ਨੂੰ | ੮੨ |
| ੧੧. ਮਹਿਮਾਨ ਨੂੰ | ੯੩ |
| ੧੨. ਮੁੱਲਾਂ ਤੇ ਅੱਲਾ | ੧੦੧ |
| ੧੩. ਰੰਗ ਰਤੜੀ ਜਵਾਨੀ ਨੂੰ | ੧੦੨ |
| ੧੪. ਪਰਦੇਸੋਂ ਆਵਣ ਵਾਲੇ ! ਦਸ | ੧੦੯ |
| ੧੫. ਇਕ ਮੋੜ | ੧੨੧ |


Digitized by Panjab Digital Library / www.panjabdigilib.org

ਉਹਨੂੰ —

ਜਿਹੜੇ ਕੰਵਲ ਫੁੱਲ ਨੈਣਾਂ ਦੀਆਂ
ਕੀਲੜਾਂ ਵਿਚ ਕਾਜਲ ਪਾ
ਸਾਹਿਬ ਜਿਹਾ ਬਣ ਗਿਆ ਜਾਂ, ਕਾਲੈ
ਸਾੜੇ ਅਖੀਰਿਆਂ ਵਿਚ ਰਲਕ ਗਏ ਹੈ।

Digitized by Panjab Digital Library | www.panjabdigilib.org

# ਸਾਡੇ ਕਵੀ

| | | |
|---|---|---|
| ਅੰਮ੍ਰਿਤ ਲਹਿਰਾਂ | ਅੰਮ੍ਰਿਤਾ ਪ੍ਰੀਤਮ | ੨–੦ |
| ਜੀਊਂਦਾ ਜੀਵਨ | ,, | ੧–੮ |
| ਤ੍ਰੇਲ ਧੋਤੇ ਫੁਲ | ,, | ੧–੮ |
| ਓ ਗੀਤਾਂ ਵਾਲਿਆ | ,, | ੧–੮ |
| ਸੰਝ ਦੀ ਲਾਲੀ | ,, | ੧–੮ |
| ੧੯੪੩ ਤਕ ਚੋਣਵੀਂ ਕਵਿਤਾ | ,, | ੨–੮ |
| ਲੋਕ-ਪੀੜ | ,, | ੧–੧੨ |
| ਸਾਵੇ ਪਤਰ | (ਪ੍ਰੋ: ਮੋਹਨ ਸਿੰਘ) | ੧–੮ |
| ਕਸੁੰਭੜਾ | ,, | ੧–੮ |
| ਅਧਵਾਟੇ | ,, | ੧–੮ |
| ਪਰਛਾਵੇਂ | (ਤੇਜਾ ਸਿੰਘ ਸਾਬਰ) | ੧–੮ |
| ਯਾਦਗਾਰ | ,, | ੧–੮ |
| ਛਣਕਾਰ (ਉਰਦੂ ਅੱਖਰ) | ,, | ੧–੦ |
| ਜਗਦੀਆਂ ਜੋਤਾਂ | (ਐਡੀਟਰ 'ਸਾਬਰ') | ੧–੮ |
| ਚੰਗਿਆੜੇ (ਨੂਰ ਪੁਰੀ) | | ੧–੮ |
| ਲਟ ਲਟ ਜੋਤ ਜਗੇ | ਪ੍ਰਭਜੋਤ ਕੌਰ | ੧–੮ |
| ਤਾਨ ਤਰਾਨੇ | ਬੁਧ ਸਿੰਘ ਤਾਨ | ੨–੪ |
| ਸਾਵਣ ਬਿਜਲੀਆਂ | ਸੁਰਿੰਦਰ ਸਿੰਘ ਕੋਹਲੀ | ੧–੮ |
| ਫੁਲ ਪਤੀਆਂ | ,, ,, | ੧–੮ |
| ਕੇਸਰ ਕਿਆਰੀ | ਧਨੀ ਰਾਮ 'ਚਾਤ੍ਰਿਕ' | ੧–੬ |
| ਚੰਦਨ ਵਾੜੀ | ,, ,, | ੨–੮ |
| ਕਨਸੋਆਂ | ਅਵਤਾਰ ਸਿੰਘ ਆਜ਼ਾਦ | ੧–੧੨ |

## ਲਾਹੌਰ ਬੁਕ ਸ਼ਾਪ

ਨਿਸਬਤ ਰੋਡ : ਲਾਹੌਰ : ਮੋਹਨ ਲਾਲ ਰੋਡ

Digitized by Panjab Digital Library | www.panjabdigilib.org

# ਦਰਸ਼ਨ ਸਿੰਘ ਅਵਾਰਾ

## ਰਚਿਤ ਪੁਸਤਕਾਂ

*

| | |
|---|---|
| ਬਗ਼ਾਵਤ (ਗੁਰਮੁਖੀ) | ੧-੧੨-੦ |
| ,, (ਉਰਦੂ) | ੨-੦-੦ |
| ਇਨਕਲਾਬ ਦੀ ਰਾਹ | ੧-੮-੦ |
| ਮੈਂ ਬਾਗ਼ੀ ਹਾਂ (ਉਰਦੂ) | ੨-੦-੦ |

*

---

# ਚੋਣਵੇਂ ਨਾਵਲ

| | | |
|---|---|---|
| ਧਰਤੀ ਮਾਤਾ (ਦੂਜੀ ਅਡੀਸ਼ਨ) | ਪ੍ਰੋ: ਹਰਬੰਸ ਸਿੰਘ | ੧-੬-੦ |
| ਮਾਤਾ ਹਰੀ ,, | ਕਰਤਾਰ ਸਿੰਘ ਐਮ.ਏ. | ੨-੮-੦ |
| ਦੁਖੀਏ ,, | ਪ੍ਰੋ: ਕਰਤਾਰ ਸਿੰਘ | ੪-੮-੦ |
| ਜਵਾਰ ਭਾਟਾ | ਮਹਿੰਦਰ ਸਿੰਘ 'ਕੰਵਰ' | ੩-੮-੦ |
| ਮੁਰਾਦ | ਪ੍ਰੋ: ਆਈ. ਸੀ. ਨੰਦਾ | ੩-੦-੦ |
| ਗੁਲਾਬਾ | ਐਸ. ਐਸ. ਅਮੋਲ | ੨-੦-੦ |
| ਬਾਬਾ ਤੇਗ਼ਾ ਸਿੰਘ | ਮਾ: ਤਾਰਾ ਸਿੰਘ | ੧-੧੦-੦ |
| ਅਧ-ਖਿੜਿਆ ਫੁਲ | ਨਾਨਕ ਸਿੰਘ | ੨-੬-੬ |
| ਸਵਰਗ ਨਰਕ | ਦਰਸ਼ਨ ਸਿੰਘ ਅਵਾਰਾ | ੪-੦-੦ |

*

ਲਾਹੌਰ ਬੁਕ ਸ਼ਾਪ — ਨਿਸਬਤ ਰੋਡ — ਲਾਹੌਰ

Digitized by Panjab Digital Library | www.panjabdigilib.org

# ਜ਼ਿੰਦਗੀ ਦਾ ਨਾਚ

ਅਨੰਤ ਕਾਇਨਾਤ ਦੀ ਵਿਸ਼ਾਲ ਰੰਗ-ਭੂਮ (Dramatic stage) ਉਤੇ ਜ਼ਿੰਦਗੀ ਨਾਚ ਕਰ ਰਹੀ ਹੈ – ਇਕ ਉਹ ਨਾਚ ਜਿਹੜਾ ਹਸਤੀ ਦੇ ਨਾਲ ਛੋਹਿਆ ਗਿਆ ਸੀ, ਤੇ ਹੋਂਦ ਤਕ ਜਾਰੀ ਰਹੇਗਾ। ਇਸ ਨਾਚ ਨੂੰ ਤਾਲ ਦੇਣ ਵਾਲੇ ਦੋ ਸਾਜ਼ਿੰਦੇ ਨੇ, ਅਕੀਦਾ – ਵਿਸ਼ਵਾਸ਼, ਤੇ ਖ਼ਿਆਲ। ਜਿਹੋ ਜਿਹਾ ਇਨ੍ਹਾਂ ਸਾਜ਼ਿੰਦਿਆਂ ਦਾ ਤਾਲ, ਓਹੋ ਜਿਹਾ ਇਸ ਨਾਚੀ ਦਾ ਨਾਚ, ਕਿਉਂਕਿ ਕੋਈ ਵੀ ਨਾਚ ਸਾਜ਼ਿੰਦਿਆਂ ਦੇ ਤਾਲ ਤੋਂ ਹਟੇਵਾ ਨਹੀਂ ਨਚਿਆ ਗਿਆ।

ਇਕ ਮਿਸਾਲ ਦੇ ਕੇ ਜ਼ਰਾ ਕੁ ਸਪਸ਼ਟ ਹੋਣ ਦਾ ਜਤਨ ਕਰਦਾ ਹਾਂ: ਤੁਹਾਡੇ ਇਲਾਕੇ ਦੇ ਥਾਣੇ ਵਿਚ ਇਕ ਥਾਣੇਦਾਰ ਲਗਾ ਹੋਇਆ ਹੁੰਦਾ ਹੈ, ਜਿਸ ਦੇ ਸੰਬੰਧ ਵਿਚ, ਕਿਸੇ ਕੋਲੋਂ ਸੁਣ ਸੁਣਾ ਕੇ – ਕਿਸੇ ਨਾ ਕਿਸੇ ਤਰ੍ਹਾਂ– ਤੁਹਾਡਾ ਇਹ ਖ਼ਿਆਲ ਬਣ ਜਾਂਦਾ ਹੈ, ਕਿ ਉਹ ਬੜਾ ਹੀ ਖ਼ੁਸ਼ਾਮਦ-ਪਸੰਦ ਹੈ, ਤਾਰੀਫ਼ ਦੇ ਕੁਝ ਕੁ ਫ਼ਿਕਰਿਆਂ ਨਾਲ ਫੁਲਾ ਕੇ ਤੁਹਾਡੀ ਮਨ-ਮਰਜ਼ੀ ਦਾ ਕੰਮ ਕਰਨ ਵਾਸਤੇ ਰਜ਼ਾਮੰਦਰ ਕੀਤਾ ਜਾ ਸਕਦਾ ਹੈ। ਤੁਹਾਡੇ ਵਲੋਂ ਦਿਤੇ ਗਏ ਘਿਉ ਦੇ ਟੀਨ ਜਾਂ ਤੂੜੀ ਦੀ ਪੰਡ ਨਾਲ ਵੇਲੇ ਕੁਵੇਲੇ ਤੁਹਾਡੇ ਕੀਤੇ ਜੁਰਮਾਂ ਉਤੇ ਪਰਦਾ ਪਾਣ ਦੀ ਤੁਹਾਨੂੰ ਆਸ ਲਾ ਸਕਦਾ ਹੈ, ਉਹਦੇ ਕਿਸੇ ਸਾਕ ਸੰਬੰਧੀ ਦੀ ਸਫ਼ਾਰਸ਼ੀ ਚਿੱਠੀ ਲੈ ਜਾਣ ਨਾਲ ਕਤਲ, ਚੋਰੀ, ਲੜਾਈ, ਉਧਾਲੇ ਵਰਗੇ ਜੁਰਮ ਕਰਨ ਤੇ ਵੀ ਚਲਾਣ ਹੋਣੋਂ ਬਚ ਸਕੀਦਾ ਹੈ, ਉਹਦੇ ਪੁੱਤਰ ਦੀ ਖ਼ੁਸ਼ਾਮਦ ਤੇ ਮੁਠੀ ਚਾਪੀ ਨਾਲ ਦੋਸ਼ੀਆਂ ਦੇ ਹਥੋਂ ਹਥਕੜੀਆਂ ਖੁਲ੍ਹ ਜਾਇਆ ਕਰਦੀਆਂ ਨੇ। 'ਰਾਜਾ ਜੀ', 'ਚੌਧਰੀ ਸਾਹਬ', 'ਮਲਕ ਜੀ', 'ਖ਼ਾਨ ਸਾਹਿਬ' ਅਤੇ ਨਿਉਂ ਨਿਉਂ ਕੀਤੀਆਂ ਸਲਾਮਾਂ ਨਾਲ ਉਹਦੀ ਇਨਸਾਫ਼ ਦੇ ਹਕ ਵਿਚ



Digitized by Panjab Digital Library | www.panjabdigilib.org

ਚਲਦੀ ਹੋਈ ਕਲਮ ਰੋਕੀ ਜਾ ਸਕਦੀ ਹੈ।

ਇਹੋ ਜਿਹੇ ਖ਼ਿਆਲ ਕੀਤੇ ਥਾਣੇਦਾਰ ਦੇ ਇਲਾਕੇ ਵਿਚ ਰਹਿੰਦਿਆਂ ਹੋਇਆਂ, ਜ਼ਿੰਦਗੀ ਦੇ ਅਮਲ ਕੀ ਹੋ ਜਾਣਗੇ ? ਹਰ ਦੰਗਾ ਫ਼ਸਾਦ ਤੁਹਾਡੀ ਅਗਵਾਈ ਵਿਚ ਹੋਵੇਗਾ — ਕਿਉਂਕਿ 'ਮਲਕ ਹੁਰਾਂ' ਦੇ ਮਾਮੇ ਨਾਲ ਤੁਹਾਡੀ ਸਲਾਮਾਂ-ਲੇਕੀ ਹੈ। ਗੰਢ-ਕਤਰਿਆਂ ਤੇ ਜਵਾਰੀਆਂ ਦੀਆਂ ਟੋਲੀਆਂ ਦੇ ਤੁਸੀ ਮੋਢੀ ਹੋਵੋਗੇ – ਕਿਉਂਕਿ 'ਖ਼ਾਨ ਸਾਹਿਬ' ਦੇ ਘਰ ਤੁਸਾਂ ਨੇ ਤੂੜੀ ਦੀ ਗੱਡ ਪੁਚਾਈ ਹੋਈ ਹੈ। ਲੋਕਾਂ ਦੀਆਂ ਧੀਆਂ ਭੈਣਾਂ ਦੇ ਰਾਹ ਤੁਹਾਡੇ ਹਥੋਂ ਸੁਰਖੀਯਤ ਨਹੀਂ ਹੋਣਗੇ – ਕਿਉਂਕਿ 'ਚੌਧਰੀ ਸਾਹਿਬ' ਦੇ ਪੁੱਤਰ ਦੀ ਸਫ਼ਾਰਸ਼ੀ ਚਿਠੀ, ਜੁਰਮ ਕਰਨ ਦਾ ਲਾਈਸੈਂਸ, ਤੁਹਾਡੇ ਕੋਲ ਹੈ। ਲੋਕੀ ਤੁਹਾਥੋਂ ਡਰਦੇ ਨਿਸਚਿੰਤ ਨੀਂਦਰ ਤੋਂ ਵਾਂਜੇ ਰਹਿਣਗੇ, ਕਿਉਂਕਿ ਰਾਜੇ ਹੁਰਾਂ ਦਾ ਤੁਹਾਡੇ ਨਾਲ ਕੋਈ ਇਕਰਾਰ ਹੈ। ਵਢੀਆਂ ਚਾਲੂ ਹੋ ਜਾਣਗੀਆਂ। 'ਮਲਕ ਸਾਹਿਬ' ਦੇ ਜ਼ਾਤੀ ਰਿਸ਼ਤੇਦਾਰਾਂ ਦੀ ਫ਼ਹਿਰਿਸਤ ਲੰਮੀ ਹੋ ਜਾਇਗੀ। ਜੁਰਮ ਵਧ ਜਾਣਗੇ। ਇਧਰ ਡਾਕਾ ਮਾਰਿਆ, ਉਧਰ ਲੁਟ ਦੇ ਮਾਲ ਦਾ ਦਸਵੰਧ, ਜਾਂ ਕਿਸੇ ਹੋਰ ਨਿਸਬਤ ਨਾਲ ਮੁਕੱਰਰ ਕੀਤਾ ਹੋਇਆ ਹਿੱਸਾ, ਚੌਧਰੀ ਹੋਰਾਂ ਦੇ ਸਾਲੇ ਸਾਹਿਬ ਦੇ ਘਰ ਪੁਚਾ ਦਿਤਾ। ਇਧਰ ਕਿਸੇ ਆਰਾਮ ਨਾਲ ਵਸਦੇ ਗਵਾਂਢੀ ਦੀ ਧੀ ਭੈਣ ਨੂੰ ਛੇੜਿਆ ਉਧਰ ਥਾਣੇ ਜਾ ਕੇ 'ਮਲਕ ਹੁਰਾਂ' ਦੀ ਖ਼ੁਸ਼ਾਮਦ ਕਰ ਦਿਤੀ ਤੇ ਬਚ ਗਏ, ਕੀਤੇ ਦੀ ਸਜ਼ਾ ਭੁਗਤਣ ਦੇ ਅਜ਼ਾਬੋਂ।

ਇਹ ਸਭ ਕੁਝ ਕਿਉਂ ? ਇਸ ਲਈ ਕਿ ਤੁਹਾਡੇ ਖ਼ਿਆਲ – ਜਾਂ ਅਕੀਦੇ ਨੇ ਕਿਸੇ ਨਾ ਕਿਸੇ ਤਰ੍ਹਾਂ ਇਹ ਮੰਨ ਲਿਆ ਕਿ ਤੁਹਾਡੇ ਇਲਾਕੇ ਦਾ ਥਾਣੇਦਾਰ ਸਾਂਝਾ ਹੋਣ ਦੀ ਥਾਂ ਜ਼ਾਤੀ ਹੈ। ਇਨਸਾਫ਼ ਤੇ ਅਮਨ ਦਾ ਰਾਖਾ ਹੋਣ ਦੀ ਥਾਂ ਲਿਹਾਜ਼ਦਾਰੀਆਂ ਪਾਲਣ ਵਾਲਾ ਹੈ। ਲੋਕ-ਸੁਖ ਦੀ ਥਾਂ ਜਿਸ ਦਾ ਨਿਸ਼ਾਨਾ ਨਿੱਜੀ ਲਾਭ – ਡਾਲੀ, ਚੜ੍ਹਾਵਾ, ਨਜ਼ਰਾਨਾ – ਹੈ, ਅਮਨ



Digitized by Panjab Digital Library | www.panjabdigilib.org

ਦਾ ਹਾਮੀ ਹੋਣ ਦੀ ਥਾਂ ਖ਼ੁਸ਼ਾਮਦੀ ਫ਼ਸਾਦੀਆਂ ਨੂੰ ਪਨਾਹ ਦੇਣ ਵਾਲਾ ਹੈ।

ਇਹ ਹੈ ਤਸਵੀਰ ਦਾ ਇਕ ਪਾਸਾ।

ਫਿਰ ਇਸ ਥਾਣੇਦਾਰ ਦੀ ਥਾਂ ਇਕ ਹੋਰ ਥਾਣੇਦਾਰ ਬਦਲ ਕੇ ਆ ਜਾਂਦਾ ਹੈ, ਜਿਸ ਦੇ ਸੰਬੰਧ ਵਿਚ ਤੁਹਾਨੂੰ ਪਤਾ ਲਗ ਜਾਂਦਾ ਹੈ ਕਿ ਇਸ ਦਾ ਕਿਸੇ ਨਾਲ ਵੀ ਕੋਈ ਜ਼ਾਤੀ ਸੰਬੰਧ ਨਹੀਂ, ਇਹ ਖ਼ੁਸ਼ਾਮਦ ਜਾਂ ਚਾਪਲੋਸੀ ਵਾਸਤੇ ਦਿਤੀ ਗਈ ਕਿਸੇ ਵੀ ਟੀ ਪਾਰਟੀ ਵਿਚ ਸ਼ਾਮਲ ਨਹੀਂ ਹੁੰਦਾ, ਲੋਕ-ਅਮਨ ਤੇ ਕਾਨੂੰਨ ਦੀ ਰਖਿਆ ਇਸ ਦੇ ਆਦਰਸ਼ ਹਨ ਤੇ ਇਹਨਾਂ ਦੋਹਾਂ ਦਾ ਵਿਰੋਧੀ ਇਸਦੀ ਬੇ-ਲਿਹਾਜ਼ ਪਕੜ ਤੋਂ ਕਿਸੇ ਹੀਲੇ ਨਾਲ ਵੀ ਬਚਿਆ ਨਹੀਂ ਰਹਿ ਸਕਦਾ। ਇਹ ਡਾਲੀਆਂ ਨਜ਼ਰਾਨਿਆਂ ਨਾਲ ਹੱਕ ਦੇ ਰਾਹੋਂ ਤਿਲਕਾਇਆ ਨਹੀਂ ਜਾ ਸਕਦਾ। ਕਿਸੇ ਪੂਜਕ ਬਾਣੇ ਵਿਚ ਲੁਕੇ ਹੋਏ ਮੁਜਰਮਾਂ ਨਾਲ ਵੀ ਮੁਜਰਮਾਂ ਤੋਂ ਚੰਗੇਰਾ ਸਲੂਕ ਨਹੀਂ ਕਰਦਾ। ਨਿਉਂ ਨਿਉਂ ਸਲਾਮਾਂ ਕਰਨ ਵਾਲੀਆਂ ਦੋਸ਼ੀ-ਹਸਤੀਆਂ, ਨਿਰੀਆਂ ਸਲਾਮਾਂ ਨਾਲ ਉਹਦੀ ਕਾਨੂੰਨੀ ਪਕੜ ਤੋਂ ਬਚ ਨਹੀਂ ਸਕਦੀਆਂ। ਦੋਸ਼ੀਆਂ ਨੂੰ ਫੜਨ ਲਗਿਆਂ ਉਹ ਪੀਰੀ ਦੀਆਂ ਗੱਦੀਆਂ ਹੇਠਾਂ ਪੂਜਕ ਸਥਾਨਾਂ ਦੀਆਂ ਪਵਿੱਤਰ ਹਨੇਰੀਆਂ ਗੁੱਠਾਂ ਵਿਚ, ਅਮੀਰੀ ਦੀਆਂ ਮਾੜੀਆਂ ਉਪਰ, ਪਵਿੱਤਰ ਮੂਰਤੀਆਂ ਤੇ ਮਹਿਰਾਬਾਂ ਦੇ ਉਹਲਿਆਂ ਪਿਛੇ ਵੀ ਤਿਖੀ ਜਿਹੀ ਝਾਤ ਮਾਰਨੋਂ ਨਹੀਂ ਸੰਗਦਾ। ਉਹ ਅਮਾਮਿਆਂ, ਤਿਲਕਾਂ, ਚੋਗਿਆਂ ਜੁਬਿਆਂ, ਭਗਵੇ ਬਾਣਿਆਂ ਤੇ ਗੋਲ ਮੋਲ ਦਸਤਾਰਿਆਂ ਦੀ ਓਟ ਜੁਰਮ ਨੂੰ ਨਹੀਂ ਲੈਣ ਦੇਂਦਾ। ਉਹ 'ਮਿਹਰਬਾਨ' ਤੇ 'ਖ਼ਾਨਦਾਨੀ' ਅਖਵਾਣ ਦੇ ਲਾਲਚ ਤੋਂ ਕਿਤੇ ਉਚੇਰਾ ਹੈ।

ਇਹੋ ਜਿਹੇ ਥਾਣੇਦਾਰ ਦੇ ਇਲਾਕੇ ਵਿਚ ਜ਼ਿੰਦਗੀ ਕਿਹੋ ਜਿਹੀ ਹੋਵੇਗੀ? ਤੁਸੀਂ ਭਲੇਮਾਣਸ ਬਣ ਜਾਣ ਦੀ ਕੋਸ਼ਿਸ਼ ਕਰੋਗੇ – ਕਿਉਂਕਿ ਮੁਜਰਮਾਂ ਨੂੰ ਕੋਈ ਪਨਾਹ ਨਹੀਂ ਦਿਤੀ ਜਾਣੀ। ਹਰ ਦੰਗੇ ਫ਼ਸਾਦ ਤੋਂ ਇਕ ਪਾਸੇ ਰਹਿਣਾ ਤੁਹਾਡਾ ਜਤਨ ਹੋਵੇਗਾ – ਕਿਉਂਕਿ ਦੰਗੇ ਕਰਨ



Digitized by Panjab Digital Library | www.panjabdigilib.org

ਾਲੇ ਕਾਨੂੰਨ ਦੇ ਵਿਰੋਧੀ ਨੇ। ਕਿਸੇ ਚੋਰ ਜਵਾਰੀਏ ਜਾਂ ਬਦਚਲਣ ਨਾਲ ਕੋਈ ਸੰਬੰਧ ਪੈਦਾ ਕਰਨ ਲਗਿਆਂ ਤੁਸੀਂ ਜ਼ਰੂਰ ਝਿਜਕੋਗੇ – ਕਿਉਂਕਿ ਇਹੋ ਜਿਹੇ ਆਦਮੀ ਸਾਂਝੇ ਅਮਨ ਦੇ ਵੈਰੀ ਹੁੰਦੇ ਨੇ। ਜਦੋਂ ਵੀ ਕਦੇ ਤੁਸੀਂ ਕੋਈ ਕਾਨੂੰਨ ਤੋੜਨ ਵਾਸਤੇ ਉਕਸਾਇ ਜਾਓਗੇ ਤਾਂ 'ਵਢੀ', 'ਜ਼ਾਤੀ ਸੰਬੰਧ', 'ਸਫ਼ਾਰਸ਼', 'ਬਖ਼ਸ਼ਸ਼' ਦੇ ਖ਼ਿਆਲਾਂ ਦੀ ਥਾਂ ਤੁਹਾਡੀਆਂ ਅਖੀਆਂ ਅਗੇ, ਇਕ ਕਾਨੂੰਨ ਪਾਲਣ ਵਾਲਾ ਥਾਣੇਦਾਰ, ਹਥਕੜੀ, ਹਵਾਲਾਤ, ਚਾਲਾਨ, ਮੁਜਰਮਾਂ ਵਾਲਾ ਕਟੈਹਰਾ, ਬੇ-ਲਿਹਾਜ਼ ਇਨਸਾਫ਼, ਜੇਹਲ ਦੀ ਕਾਲ ਕੋਠੜੀ ਤੇ ਗਾਹਲਾਂ ਕਢਦਾ ਹੋਇਆ ਦਰੋਗਾ, ਇਕ ਇਕ ਕਰ ਕੇ ਵਾਰੋ ਵਾਰੀ ਆ ਜਾਣਗੇ। ਇਸ ਤਰ੍ਹਾਂ ਸੌ ਚੋਂ ਅੱਸੀ ਜੁਰਮ ਕਰਨ ਤੋਂ ਤੁਸੀਂ ਬਾਜ਼ ਆ ਜਾਓਗੇ ਤੇ ਵੀਹ ਫ਼ੀ ਸਦੀ ਕੀਤੇ ਜੁਰਮਾਂ ਦੀ ਸਜ਼ਾ ਭੁਗਤ ਕੇ ਤੁਸੀਂ ਸੁਸਾਇਟੀ ਦੇ ਸਿਆਣੇ ਅੰਗ ਬਣ ਜਾਓਗੇ। ਜੁਰਮ ਘਟ ਜਾਣਗੇ, ਅਮਨ ਵਧ ਜਾਏਗਾ।

ਥਾਣੇਦਾਰ ਦੇ ਸੰਬੰਧ ਵਿਚ ਇਹੋ ਜਿਹੇ ਖ਼ਿਆਲਾਂ ਦਾ ਅਸਰ ਨਿਰਾ ਤੁਹਾਡੀ ਜ਼ਾਤ ਉਤੇ ਹੀ ਸੁਖਾਵਾਂ ਨਹੀਂ ਹੋਵੇਗਾ, ਸਗੋਂ ਤੁਹਾਡਾ ਭਾਈਵਾਲ ਆਪਣੇ ਆਪ ਨੂੰ ਸੁਖਾਲਾ ਸੁਖਾਲਾ ਮਹਿਸੂਸ ਕਰੇਗਾ, ਸੁਖੀ ਹੋਵੇਗਾ ਉਹ, ਜਿਸ ਦਾ ਖੀਸਾ ਕਟਣੋਂ ਤੁਸੀਂ ਬਾਜ਼ ਆ ਗਏ। ਨਿਸਚਿੰਤ ਹੋਵੇਗਾ ਉਹ, ਜਿਸ ਦੀ ਜਵਾਨ ਧੀ ਭੈਣ ਦਾ ਰਾਹ ਰੋਕਣੋਂ ਤੁਸੀਂ ਟਲ ਗਏ। ਸੁਖ ਦਾ ਸਾਹ ਲਵੇਗਾ ਉਹ ਸਾਰਾ ਸ਼ਹਿਰ, ਜਿਸ ਦੇ ਵਿਚ ਅਗਾਂ, ਫ਼ਸਾਦਾਂ, ਚੋਰੀਆਂ, ਬਦਮਾਸ਼ੀਆਂ ਦੀ ਸੰਭਾਵਨਾ ਘਟ ਗਈ। ਥਾਣੇ ਦਾ ਅਮਲਾ ਸੁਖੀ – ਉਹਦੀ ਖੇਚਲ ਘਟ ਗਈ। ਕਚਹਿਰੀਆਂ ਦੇ ਹਾਕਮ ਸੁਖੀ – ਉਹਨਾਂ ਦਾ ਰੁਝੇਵਾਂ ਘਟ ਗਿਆ। ਜੇਹਲ ਖ਼ਾਨਿਆਂ ਦੇ ਦਰੋਗੇ ਰਾਜ਼ੀ – ਉਹਨਾਂ ਨੂੰ ਗਾਹਲਾਂ ਘਟ ਕਢਣੀਆਂ ਪਈਆਂ।

ਇਹ ਹੈ ਤਸਵੀਰ ਦਾ ਦੂਜਾ ਪਾਸਾ।

ਉਹ ਵੀ ਜ਼ਿੰਦਗੀ ਦਾ ਇਕ ਨਾਚ ਸੀ ਤੇ ਇਹ ਵੀ ਇਕ ਨਾਚ ਹੈ,



Digitized by Panjab Digital Library | www.panjabdigilib.org

ਪਰ ਕਿਤਨਾ ਫ਼ਰਕ ਹੈ ਇਹਨਾਂ ਦੋਹਾਂ ਵਿਚ ? ਕਿਉਂ ? ਸਿਰਫ਼ ਇਸ ਵਾਸਤੇ, ਕਿ ਇਨ੍ਹਾਂ ਸ਼ਾਜ਼ਿੰਦਿਆਂ ਨੇ ਦੋਹਾਂ ਵਕਤਾਂ ਵਿਚ ਵਖਰਾ ਵਖਰਾ ਤਾਲ ਦਿਤਾ।

ਹਿੰਦੁਸਤਾਨ ਵਿਚ ਵੀ ਜ਼ਿੰਦਗੀ ਦਾ ਇਹ ਨਾਚ ਸ਼ੁਰੂ ਹੈ, ਪਰ ਕੀ ਇਹ ਆਪਣਾ ਮੰਤਵ ਪੂਰਾ ਕਰ ਰਿਹਾ ਹੈ ? ਕੀ ਇਹਦੇ ਅੰਗਾਂ ਵਿਚ ਕੋਈ ਥਰਕਣ ਹੈ, ਜਿਹੜੀ ਚਾਵਾਂ ਭਰੇ ਨਾਚ ਦਾ ਕੁਦਰਤੀ ਨਤੀਜਾ ਹੁੰਦੀ ਹੈ ? ਕੀ ਇਹਦੇ ਨੈਣਾਂ ਵਿਚ ਤਸੱਲੀ ਦੀ ਕੋਈ ਲਿਸ਼ਕ ਹੈ ? ਕੀ ਇਹਦੇ ਹੋਠਾਂ ਤੇ ਚਾਵਾਂ ਦੀ ਕੋਈ ਮੁਸਕਾਨ ਹੈ ? ਮੁਖੜੇ ਤੇ ਖ਼ੁਸ਼ੀ ਦਾ ਖੇੜਾ ਹੈ ? ਆਓ ਜ਼ਰਾ ਵੇਖੀਏ।

ਰਾਜਸੀ ਤੌਰ ਤੇ ਅਸੀਂ ਲਗ ਪਗ ਡੇਢ ਸਦੀ ਤੋਂ ਗ਼ੁਲਾਮ ਹਾਂ। ਆਜ਼ਾਦ ਦੁਨੀਆਂ ਦੇ ਜੁਸੇ ਉਤੇ ਸਾਡੀ ਗ਼ੁਲਾਮੀ ਇਕ ਕੋਝੇ ਦਿਸਦੇ ਫੋੜੇ ਵਾਂਗੂ ਸਾਰੇ ਨਜ਼ਾਰੇ ਨੂੰ ਬੇ-ਸਵਾਦਾ ਜਿਹਾ ਬਣਾ ਰਹੀ ਹੈ। ਤੇ ਅਸੀਂ ਗ਼ੁਲਾਮ ਕਿਸ ਕੌਮ ਦੇ ਹਾਂ ? ਜਿਹੜੀ ਦੁਨੀਆ ਦੀਆਂ ਸਾਰੀਆਂ ਕੌਮਾਂ ਨੂੰ ਆਜ਼ਾਦੀ ਦਵਾਣ ਦੀ ਦਾਹਵੇਦਾਰ ਹੈ। ਅਜ ਕਲ੍ਹ ਦੇ ਆਜ਼ਾਦੀ ਦੇ ਜ਼ਮਾਨੇ ਵਿਚ ਦੀ ਸਾਡੀ ਆਜ਼ਾਦੀ ਦੀ ਤੜਪ ਨੂੰ ਘੂਰ-ਘਾਰ ਕੇ ਜਾਂ ਫੋਕਿਆਂ ਲਾਰਿਆਂ ਨਾਲ ਚੁਪ ਕਰਾਇਆ ਜਾ ਰਿਹਾ ਹੈ। ਸਾਡੀ ਸ੍ਵੈ-ਰਾਜ-ਮੰਗ ਵਲ ਕੋਈ ਕੰਨ ਹੀ ਨਹੀਂ ਧਰਦਾ। ਚਾਲੀ ਕਰੋੜ ਦੀ ਭਾਰੀ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਨਾ ਕੋਈ ਸਾਡਾ ਭਾਰ ਹੈ ਨਾ ਆਵਾਜ਼ ਵਿਚ ਕੋਈ ਜ਼ੋਰ। ਬਦੇਸ਼ਾਂ ਵਿਚ ਸਾਨੂੰ ਬੂਟਾਂ ਦੇ ਠੁਡੇ ਪੈਂਦੇ ਨੇ। ਬੰਦਿਆਂ ਦੇ ਰਹਿਣ ਵਾਲੇ ਹੋਟਲਾਂ ਵਿਚ ਪੈਸੇ ਖ਼ਰਚ ਕੇ ਵੀ ਅਸੀਂ ਰੋਟੀ ਦੀ ਥਾਂ ਅਪਮਾਨ ਨਾਲ ਢਿਡ ਭਰਨ ਵਾਸਤੇ ਰਜ਼ਾਮੰਦ ਹਾਂ। ਜਿਊਂਦੀਆਂ ਕੌਮਾਂ ਦੀਆਂ ਭਰੀਆਂ ਮਹਿਫ਼ਲਾਂ ਵਿਚੋਂ ਅਸੀਂ ਕੰਨੋਂ ਫੜ ਕੇ ਉਠਾ ਦਿਤੇ ਜਾਂਦੇ ਹਾਂ। ਕਿਉਂ? ਇਸ ਵਾਸਤੇ ਕਿ ਸਾਨੂੰ ਗ਼ੁਲਾਮ ਰਖਣ ਵਾਲੀਆਂ ਤਾਕਤਾਂ ਨੂੰ ਅਸਾਂ ਨੇ ਰਬ ਦੀਆਂ ਭੇਜੀਆਂ ਹੋਈਆਂ, ਰਬ ਦੀਆਂ



Digitized by Panjab Digital Library | www.panjabdigilib.org

ਵਡਿਆਈਆਂ ਹੋਈਆਂ ਮੰਨ ਲਿਆ ਹੈ ਤੇ ਆਪਣੀਆਂ ਲਚਕਦਾਰ (Elastic) ਰਬੀ ਕਿਤਾਬਾਂ ਵਿਚੋਂ ਹਾਕਮਾਂ ਦੇ ਆਵਣ ਦੇ ਰੱਬੀ ਹੁਕਮ ਕਢ ਕਢ ਦੱਸੇ।

ਮਾਲੀ ਤੌਰ ਤੇ ਸਾਡੀ ਗਿਣਤੀ ਨਖਿਧ ਕੌਮਾਂ ਵਿਚ ਗਿਣੀ ਜਾਣ ਜੋਗੀ ਹੈ। ਦੌਲਤ ਤੇ ਦੌਲਤ ਕਮਾਣ ਦੇ ਵਸੀਲਿਆਂ ਦੀ ਵੰਡ ਸਾਵੀਂ ਨਹੀਂ। ਲੱਖਾਂ ਬੱਚੇ ਟੁਕੜਿਆਂ ਨੂੰ ਸਹਿਕ ਸਹਿਕ ਕੇ ਬੇ-ਸ਼ੁਮਾਰ ਭੁਖਾਂ ਤੇ ਫ਼ਾਕਿਆਂ ਚੋਂ ਲੰਘ ਕੇ ਪਿੱਠਾਂ ਨਾਲ ਲੱਗੇ ਹੋਏ ਸੁੱਕੇ ਤਰਪਾਟੇ ਢਿਡਾਂ ਤੋਂ ਪਰੇ ਇਕ ਅਨ ਰਜ-ਮਸਤੀ ਨਾਲ ਆਫਰ ਕੇ ਪਾਟਣ ਵਾਲੀ ਹੋਈ ਹੋਈ ਕੋਈ ਗੋਗੜ ਦਿਸਦੀ ਹੈ ਤੇ ਇਹਨਾਂ ਫ਼ਾਕਾ-ਮਸਤਾਂ ਦੀ ਪਕੜ ਤੋਂ ਸੁਰਖਯਤ ਰਹਿਣ ਵਾਸਤੇ ਇਹਨਾਂ ਗੋਗੜਾਂ ਨੇ ਆਪਣੇ ਆਲੇ ਦੁਆਲੇ 'ਪੂਜਯ ਪੁਸਤਕਾਂ' ਵਿਚੋਂ ਚੁਣੀਆਂ ਹੋਈਆਂ ਇਨ੍ਹਾਂ ਸਤਰਾਂ ਦੀ ਕਦੇ ਨਾ ਟੁਟਣ ਵਾਲੀ ਇਕ ਫ਼ਸੀਲ ਉਸਾਰੀ ਹੋਈ ਹੈ ਕਿ "ਗ਼ਰੀਬਾਂ ਉਤੇ ਰਬ ਦੀ ਮਿਹਰ ਵਧੇਰੀ ਹੁੰਦੀ ਹੈ।" ਇਹ ਗ਼ੈਰ-ਕੁਦਰਤੀ ਅਵਸਥਾ ਏਥੇ ਸਦੀਆਂ ਤੋਂ ਕਾਇਮ ਹੈ।

ਸਾਡੇ ਸਮਾਜਕ ਜੀਵਨ ਦੀ ਤਸਵੀਰ ਇਤਨੀ ਡਰਾਉਣੀ ਤੇ ਨਿਰਾਸਤਾ ਭਰਪੂਰ ਹੈ ਕਿ ਇਸ ਵਲ ਨਜ਼ਰ ਭਰ ਕੇ ਵੇਖਿਆ ਹੀ ਨਹੀਂ ਜਾ ਸਕਦਾ, ਬਿਲਕੁਲ ਬਿਆਨ-ਕੀਤੇ-ਨਰਕਾਂ ਦਾ ਇਕ ਨਮੂਨਾ। ਕਿਸੇ ਨੂੰ ਕਿਸੇ ਉਤੇ ਵਿਸ਼ਵਾਸ ਨਹੀਂ। ਗੁਆਂਢ ਗੁਆਂਢ ਵਸਦੇ ਭਰਾਵਾਂ ਵਿਚਲੀ ਵਿੱਥ ਵਿਚ, ਜ਼ਿਮੀਂ ਅਸਮਾਨ ਵਿਚਲੀਆਂ ਕਈ ਵਿੱਥਾਂ ਸਮਾ ਸਕਦੀਆਂ ਨੇ। ਇਹ ਕ੍ਰਿਸ਼ਨਾ ਨਗਰ, ਇਹ ਇਸਲਾਮਾਬਾਦ, ਇਹ ਸਿੰਘ ਪੁਰੇ ਇਕੋ ਰਣ-ਖੇਤਰ ਵਿਚ ਲੱਗੇ ਹੋਏ ਵਿਰੋਧੀਆਂ ਦੇ ਕੈਂਪ ਜਾਪ ਰਹੇ ਨੇ ਜੋ ਇਕ ਦੂਜੇ ਦੇ ਵਿਰੁਧ ਸਰਗਰਮੀਆਂ ਨਾਲ ਹੁਮ-ਹੁਮਾ ਰਹੇ ਨੇ। ਇਨ੍ਹਾਂ ਵਿਚ ਗੁੱਝੀਆਂ ਸਾਜ਼ਸ਼ਾਂ ਹੋ ਰਹੀਆਂ ਨੇ। ਇਕ ਦੂਜੇ ਦੇ ਡਰੋਂ ਜੀਵਨ ਸਹਿਮੇ ਹੋਏ ਨੇ। ਮਾਵਾਂ ਹੰਝੂ ਭਰੀਆਂ ਅੱਖਾਂ ਨਾਲ ਬੱਚਿਆਂ ਵਲ ਵੇਖ ਕੇ ਉਹਨਾਂ ਨੂੰ ਘੁਟ ਕੇ ਛਾਤੀਆਂ



Digitized by Panjab Digital Library | www.panjabdigilib.org

ਨਾਲ ਲਾ ਰਹੀਆਂ ਨੇ। ਕੀ ਪਤਾ ਕਿਸੇ ਵੇਲੇ ਕੀ ਹੋ ਜਾਇ। ਕਿਸੇ ਮਸਜਿਦ ਅੱਗੋਂ ਲੰਘਦੇ ਹੋਏ ਵਾਜੇ ਤੋਂ, ਕਿਸੇ ਮੁਹੱਰਮ ਦੇ ਜਲੂਸ ਤੋਂ ਕਿਸੇ ਇਨਸਾਨ ਦੇ ਲਿਬਾਸ ਵਿਚ ਲੁਕੇ ਹੋਏ ਭਗਿਆੜ ਦੀ ਸੀਨਾ ਸਾੜਦੀ ਲਿਖਤ ਜਾਂ ਤਕਰੀਰ ਤੋਂ, ਕਿਸੇ ਵੇਲੇ ਵੀ ਸੁਤਿਆਂ ਜਾਗਦਿਆਂ – ਕੋਈ ਅਜਿਹਾ ਫ਼ਸਾਦ ਸ਼ੁਰੂ ਹੋ ਸਕਦਾ ਹੈ, ਕਿ ਗਲੀ, ਪਿੰਡ, ਸ਼ਹਿਰ ਸਣੇ ਮੁਲਕ ਭਰ ਦਾ ਅਮਨ ਇਕ ਦਮ ਡੋਲ ਸਕਦਾ ਹੈ। ਅੱਗਾਂ ਲਗ ਸਕਦੀਆਂ ਨੇ। ਅਣਭੋਲ ਰਾਹ-ਜਾਂਦਿਆਂ ਦੇ ਢਿਡਾਂ ਵਿਚ ਛੁਰੇ ਖੋਭੇ ਜਾ ਸਕਦੇ ਨੇ। ਗਵਾਂਢੀ ਵੈਰੀ ਬਣ ਸਕਦੇ ਨੇ। ਕਿਉਂ ? ਇਸ ਵਾਸਤੇ ਕਿ ਰਬ ਦੀ ਭੇਜੀ ਹੋਈ ਕਿਸੇ ਕਿਤਾਬ ਦਾ ਹਵਾਲਾ ਦੇ ਕੇ ਕਿਹਾ ਜਾ ਸਕਦਾ ਹੈ ਕਿ 'ਫ਼ਲਾਣੇ ਮਲੇਛ ਨੇ' 'ਉਹ ਕਾਫ਼ਰ ਨੇ'।

ਸਾਡੇ ਅਖ਼ਲਾਕ ਦੀ ਮੰਡੀ ਵਿਚ ਚਲ ਰਹੇ ਸਿੱਕਿਆਂ ਵਿਚ ਕੋਈ ਖਰਾ ਸਿੱਕਾ ਦੇਖਣ ਨੂੰ ਅਖੀਆਂ ਤਰਸ ਰਹੀਆਂ ਨੇ। ਘਟ ਤੋਲ ਕੇ ਦੇਣਾ, ਪਾਸਕੂ ਵਾਲੀ ਤਕੜੀ ਰਖਣੀ ਤਾਂ ਪਾਪ ਨਹੀਂ, ਪਰ ਸਵੇਰੇ ਮੂੰਹ ਝਾਖਰੇ ਗੁਰਦੁਆਰੇ ਨਾ ਜਾਣਾ ਪਾਪ ਹੈ। ਦੇਸੀ ਚੀਜ਼ ਨੂੰ ਵਲੈਤੀ ਆਖ ਕੇ, ਗਜ਼ ਬਰ ਨੂੰ ਅਠਾਰਾਂ ਗਿਰਾਂ ਕਹਿ ਕੇ, ਕੱਚੇ ਰੰਗ ਨੂੰ ਪੱਕਾ ਦਸ ਕੇ ਚੀਜ਼ ਗਾਹਕ ਦੇ ਗੱਲ ਮੜ੍ਹਨੀ ਗੁਨਾਹ ਨਹੀਂ, ਪਰ ਨਮਾਜ਼ਾਂ ਵਿਚੋਂ ਇਕ ਅਧ- ਦਾ ਖੁੰਝ ਜਾਣਾ ਗੁਨਾਹ ਹੈ। ਭਾਈਚਾਰੇ ਦੇ, ਸਰਕਾਰ ਦੇ, ਅਖ਼ਲਾਕ ਦੇ ਤੇ ਸਭਿਅਤਾ ਦੇ ਜੁਰਮਾਂ ਨੂੰ ਰੱਬ ਦੇ ਦੋਸ਼ੀ ਨਹੀਂ ਸਮਝਿਆ ਜਾਂਦਾ। ਵਢੀ ਲਈ ਜਾਉ, ਦਿਲ ਤੋੜੀ ਜਾਉ, ਹਕਦਾਰਾਂ ਦੇ ਹਕ ਮਾਰੀ ਜਾਉ, ਬੱਚੇ, ਔਰਤ, ਗਵਾਂਢੀ, ਮਾਤਹਿਤ ਉਤੇ ਉਪਰੋਂ ਤਲੀ ਵਧੀਕੀ ਕਰੀ ਜਾਉ, ਲੈ ਕੇ ਨਾ ਦਿਉ, ਝੂਠੇ ਲਾਰੇ ਲਾਈ ਜਾਉ, ਇਨਸਾਫ਼ ਦੇ ਗਲੇ ਤੇ ਛੁਰੀ ਰਖੀ ਰਖੋ, ਜ਼ਬਾਨ ਬੇ-ਕਾਬੂ ਹੈ ਤਾਂ ਬੇ-ਸ਼ਕ ਪਈ ਹੋਵੇ, ਪਰ ਤੁਸੀ ਮੰਦਰ ਜ਼ਰੂਰ ਜਾਂਦੇ ਹੋਵੋ, ਤੁਸੀ ਨਮਾਜ਼ਾਂ ਨੂੰ ਖੁੰਝਣ ਨਾ ਦਿਉ, ਵਢੀ ਦੀ ਲੁਟ ਵਿਚੋਂ ਦਸਵੰਧ ਜਾਂ ਜ਼ਕਾਤ ਜ਼ਰੂਰ ਕਢ ਛਡਿਆ ਕਰੋ, ਪਾਠ ਵੀ



Digitized by Panjab Digital Library | www.panjabdigilib.org

ਨਿਤਨੇਮ ਨਾਲ ਕਰਿਆ ਕਰੋ ਭਾਵੇਂ ਸਮਝ ਆਵੇ ਭਾਵੇਂ ਨਾ ਆਵੇ, ਵਡਿਆਂ ਦੇ ਸ਼ਰਾਧ ਕਰ ਛਡਿਆ ਕਰੋ, ਜ਼ਿੰਦਗੀ ਵਿਚ ਇਕ ਅਧ ਵਾਰੀ ਤੀਰਥ ਅਸ਼ਨਾਨ ਤੇ ਹਜ ਕਰ ਆਵੋ, ਕਦੇ ਕਦੇ ਅਖੰਡ ਪਾਠ ਤੇ ਹਵਨ ਵੀ ਤੁਹਾਡੀ ਜ਼ਿੰਦਗੀ ਦਾ ਹਿੱਸਾ ਬਣੇ ਰਹਿਣ, ਕਿਸੇ ਗੁਰਦੁਆਰੇ, ਸਰਾਂ, ਜਾਂ ਮੰਦਰ ਦੇ ਨਾਲ ਇਕ ਸੰਗ ਮਰਮਰ ਦੀ ਸਿਲ ਵਾਲੀ ਕੋਠੜੀ ਜ਼ਰੂਰ ਬਣਵਾ ਦਿਉ। ਫੇਰ ਤੁਹਾਡੇ ਉਤੇ ਰਬ ਵੀ ਰਾਜ਼ੀ ਤੇ ਪੀਰ ਪੈਗੰਬਰ ਵੀ ਖ਼ੁਸ਼। ਸ੍ਵਰਗਾਂ ਜਨਤਾਂ ਵਿਚ ਤੁਹਾਡੀ ਥਾਂ ਬਣ ਚੁਕੀ ਹੋਵੇਗੀ ਤੇ ਮੁਕਤੀ ਦੇ ਹਕਦਾਰ ਵੀ ਤੁਸੀ ਕਰਾਰ ਦਿਤੇ ਜਾਉਗੇ।

ਬਨਾਉਟੀ ਮਜ਼ੁਬ ਦੀ ਮੁਰਦਾ ਲਾਸ਼ ਦੀ ਗਲ ਤਾਂ ਛੇੜੋ ਹੀ ਨਾ। ਇਸ ਨੇ ਉਹ ਸੜਿਹਾਂਦ ਛਡੀ ਹੋਈ ਹੈ ਕਿ ਇਸ ਦੇ ਬੁਰੇ ਅਸਰ ਤੋਂ ਸਾਡੇ ਜੀਵਨ ਦਾ ਕੋਈ ਅੰਗ ਵੀ ਬਚਿਆ ਹੋਇਆ ਨਹੀਂ। ਗ਼ਰੀਬਾਂ ਦੇ ਟੁਕੜੇ ਨੂੰ ਸਹਿਕਦੇ ਮੂੰਹਾਂ ਵਿਚੋਂ ਬੁਰਕੀਆਂ ਕਢ ਕਢ ਕੇ ਰਬ ਦੇ ਏਜੰਟਾਂ ਦੀਆਂ ਬੋਲਰ ਜਿਡੀਆਂ ਗੋਗੜਾਂ ਦਾ ਬਾਲਣ ਬਣਾਇਆ ਜਾ ਰਿਹਾ ਹੈ। ਮਜ਼ਹਬ ਦੇ ਨਾਂ ਉਤੇ ਜੀਵਨ ਨੂੰ ਹਸਣੋ, ਖਿੜਨੋ ਤੇ ਤਿੱਖਾ ਤੁਰਨੋਂ ਮਨ੍ਹਾਂ ਕੀਤਾ ਜਾ ਰਿਹਾ ਹੈ, ਦੋਜ਼ਖ਼ਾਂ ਤੇ ਕੁੰਭੀ ਨਰਕਾਂ ਦੇ ਹਊਏ ਦਸ ਕੇ, ਕਾਮਿਆਂ ਤੇ ਮਜ਼ਦੂਰਾਂ ਦੀਆਂ ਸੁੰਗੜੀਆਂ ਹੋਈਆਂ ਨਾੜਾਂ ਦਾ ਖ਼ੂਨ ਨਚੋੜਿਆ ਜਾ ਰਿਹਾ ਹੈ।

"ਜੇਤਾ ਪੜ੍ਹਿਆ ਤੇਤਾ ਕੜ੍ਹਿਆ" ਦੇ ਗ਼ਲਤ ਅਰਥ ਕਢ ਕਢ ਕੇ ਪੜ੍ਹਿਆਂ ਲਿਖਿਆਂ ਨੂੰ ਭੰਡਿਆ ਤੇ ਅਨਪੜ੍ਹਤਾ ਨੂੰ ਸਲਾਹਿਆ ਤੇ ਵਡਿਆਇਆ ਜਾ ਰਿਹਾ ਹੈ ਤੇ ਇਸ ਅਨ-ਪੜ੍ਹਤਾ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ ਜਾ ਰਹੀਆਂ ਨੇ। ਅਨਪੜ੍ਹ ਜਨਤਾ ਨੂੰ 'ਰਜ਼ਾ ਤਕ ਕੇ' ਤੇ ਭਾਣੇ ਦੀ ਹਫ਼ੀਮ ਲਾ ਕੇ ਨਿਕਾਰਿਆਂ ਕਰ ਦਿੱਤਾ ਗਿਆ ਹੈ ਤੇ ਹਾਵੀਏ ਦੋਜ਼ਖ਼ਾਂ ਦੀ ਲਗਾਮ ਚਾੜ੍ਹ ਕੇ ਚਾਲਾਕ 'ਰੱਬੀ ਏਜੰਟ' ਇਹਦੀ ਪਿਠ ਤੇ ਸਵਾਰ ਹੋਏ ਹੋਏ,



Digitized by Panjab Digital Library | www.panjabdigilib.org

ਜਿਧਰ ਇਹਨਾਂ ਦਾ ਜੀ ਆਵੇ ਅਗੇ ਲਾ ਤੁਰਦੇ ਹਨ।

ਇਨਸਾਫ਼ ਲੋੜਿਆਂ ਲਭਦਾ ਨਹੀਂ, ਸ੍ਵੈ-ਮਾਨ ਕਿਤੇ ਉਡਾਰੀ ਲਾ ਗਿਆ ਹੀ ਜਾਪਦਾ ਹੈ, ਸਾਂਝ ਨਿੰਮੋਝੂਣ ਹੋਏ ਹੰਝੂ ਭਿਜੀਆਂ ਅੱਖੀਆਂ ਨਾਲ ਨਿਰਾਸ ਜਹੀ ਹੋ ਬੈਠੀ ਹੈ। ਇਤਫ਼ਾਕ ਨੂੰ ਸਾਡੇ ਕੋਲੋਂ ਕੋਈ ਆਸ ਨਹੀਂ। ਆਜ਼ਾਦੀ ਸਾਡੇ ਨੇੜੇ ਨਹੀਂ ਢੁਕਦੀ ਤੇ ਸਾਡੇ ਜੀਵਨ ਦਾ ਅੰਗ ਅੰਗ ਜਕੜਿਆ ਪਿਆ ਹੈ, ਰਸਮਾਂ, ਵਹਿਮਾਂ, ਤਕਵਿਆਂ, ਤਵੱਕਲਾਂ, ਭਰਮਾਂ, ਛੂਤਾਂ ਛਾਤਾਂ ਤੇ ਨਿਰਾਸਤਾ ਦੀਆਂ ਜ਼ੰਜੀਰਾਂ ਨਾਲ।

ਇਹ ਹੈ ਸਾਡੇ ਜੀਵਨ ਦੇ ਨਾਚ ਦੀ ਇਕ ਕਾਹਲੀ ਕਾਹਲੀ ਖਿਚੀ ਹੋਈ ਕਲਮੀ ਤਸਵੀਰ। ਇਹਦੇ ਅੰਗਾਂ ਵਿਚ ਖ਼ੁਸ਼ੀ ਤੇ ਹੁਲਾਸ ਦੀ ਥਾਂ ਮਜਬੂਰੀ ਦੀ ਥਕਾਵਟ ਹੈ। ਨੈਣਾਂ ਵਿਚ ਚਾਵਾਂ ਦੀ ਲਿਸ਼ਕ ਦੀ ਥਾਂ ਨਿਰਾਸਤਾ ਦੇ ਹੰਝੂ ਨੇ। ਗਲੇ ਵਿਚ ਕਿਸੇ ਰਾਗ ਦੀ ਤਾਨ ਦੀ ਥਾਂ ਹਉਕੇ ਰੁਕੇ ਹੋਏ ਨੇ। ਕੀ ਇਹ ਅਵਸਥਾ ਕਿਸੇ ਧੜਕਦੇ ਦਿਲ ਦੀ ਤਸੱਲੀ ਦਾ ਕਾਰਨ ਬਣ ਸਕਦੀ ਹੈ? ਇਹ ਨਾਚ ਇਤਨੀ ਬੁਰੀ ਤਰ੍ਹਾਂ ਨਚਿਆ ਜਾ ਰਿਹਾ ਹੈ ਤੇ ਸਾਡੀ ਨਜ਼ਰ ਸਾਜ਼ਿੰਦਿਆਂ – ਅਕੀਦੇ ਤੇ ਖ਼ਿਆਲ – ਨੂੰ ਕਿਉਂ ਨਹੀਂ ਪੁਛਦੀ? ਅਸੀਂ ਇਹਨਾਂ ਦੇ ਤਾਲ ਨਾਲ ਆਪਣੀ ਅਸੰਤੁਸ਼-ਟਤਾ ਕਿਉਂ ਨਹੀਂ ਦਸਦੇ? ਅਸਾਂ ਇਹਨਾਂ ਨੂੰ ਇਤਨਾ ਮੁਤਬੱਰਕ ਕਿਉਂ ਸਮਝ ਰਖਿਆ ਹੈ ਕਿ ਅੰਗ ਅੰਗ ਵਿਚੋਂ ਨਿਕਲ ਰਹੀਆਂ ਟੀਸਾਂ ਦੇ ਬਾਵਜੂਦ ਵੀ ਇਹਨਾਂ ਉਤੇ ਸ਼ਕ ਨਹੀਂ ਕਰਦੇ ਤੇ ਬੱਧੇ-ਰੁੱਧੇ ਇਹ ਨਾਚ ਨੱਚੀ ਜਾ ਰਹੇ ਹਾਂ? ਅਸੀਂ ਕਿਉਂ ਨਹੀਂ ਇਨਕਾਰ ਕਰਦੇ ਇਨ੍ਹਾਂ ਤੇ ਇਸ ਬੇ-ਸਵਾਦੇ ਤਾਲ ਉਤੇ ਨਚਣੋਂ? ਇਹ ਜ਼ਿੰਦਗੀ ਦੇ ਨਾਚ ਨੂੰ ਸੁਹਾਵਣਾ ਬਣਾਨ ਵਾਸਤੇ ਬਣਾਏ ਗਏ ਸਨ। ਇਹ ਬਦਲ ਸਕਦੇ ਨੇ, ਦੁਨੀਆ ਦੇ ਹੋਰ ਹਿਸਿਆਂ ਵਿਚ ਬਦਲ ਚੁੱਕੇ ਨੇ ਤੇ ਏਥੇ ਵੀ ਹੁਣ ਬਦਲਣੇ ਚਾਹੀਦੇ ਹਨ ਤਾਂ ਜੁ ਸਾਡੀ ਜ਼ਿੰਦਗੀ ਦੇ ਨਾਚ ਵਿਚ ਵੀ ਕੁਝ ਹੁਲਾਸ ਉਠੇ।



Digitized by Panjab Digital Library | www.panjabdigilib.org

ਮੈਂ ਵੀ ਉਹਨਾਂ ਵਿਚੋਂ ਇਕ ਹਾਂ ਜਿਨ੍ਹਾਂ ਨੂੰ ਇਹ ਨਾਚ ਬੇ-ਸਵਾਦਾ ਜਿਹਾ ਜਾਪਿਆ ਹੈ ਤੇ ਇਨ੍ਹਾਂ ਸਾਜ਼ਿੰਦਿਆਂ ਦੇ ਤਾਲ ਉਤੇ ਨਚਣੋਂ ਇਨਕਾਰ ਕਰਨਾ ਹੀ ਮੇਰੀ "ਬਗ਼ਾਵਤ" ਹੈ, "ਮੈਂ ਬਾਗ਼ੀ ਹਾਂ" ਇਹਨਾਂ ਦੇ ਤਾਲ ਉਤੇ ਨਚਣੋਂ।

ਇਸ ਨਾਚ ਦੇ ਬੇ-ਸਵਾਦਾ-ਪਨ ਵਲ ਆਪਣੇ ਦੇਸ਼ ਦੀ ਜਨਤਾ ਦਾ ਧਿਆਨ ਦਿਵਾਂਣ ਦਾ ਮੇਰਾ ਪਹਿਲਾ ਜਤਨ 'ਬਗ਼ਾਵਤ' ਵਿਚ ਆਪ ਦੇ ਸਾਹਮਣੇ ਆਇਆ। ਮੈਂ ਖ਼ੁਸ਼ ਹਾਂ ਕਿ ਮੇਰੀ ਆਵਾਜ਼ ਨੂੰ ਕੁਝ ਕੁ ਕੰਨਾਂ ਨੇ ਕਬੂਲਿਆ ਹੈ। ਆਪ ਦੀ ਇਸ ਕਦਰ-ਸ਼ਨਾਸੀ ਨੇ ਮੈਨੂੰ ਆਪਣੀ ਆਵਾਜ਼ ਹੋਰ ਵੀ ਉਚੇਰਿਆਂ ਕਰਨ ਦਾ ਸਾਹਿਸ ਦਿਤਾ ਹੈ ਤੇ ਮੇਰਾ ਇਹ ਦੂਜਾ ਜਤਨ 'ਮੈਂ ਬਾਗ਼ੀ ਹਾਂ' ਦੀ ਸ਼ਕਲ ਵਿਚ ਆਪ ਦੇ ਸਾਹਮਣੇ ਹੈ। ਆਪਣੇ ਪਾਠਕਾਂ ਦੀ ਖੁਲ੍ਹ-ਦਿਲੀ ਤੇ ਸੁਹਿਰਦਗੀ ਤੇ ਮੈਨੂੰ ਮਾਣ ਹੈ।

ਦਰਸ਼ਨ ਸਿੰਘ
'ਅਵਾਰਾ'

ਪ੍ਰੀਤ ਨਗਰ
੬-੧੧-੪੧

Digitized by Panjab Digital Library | www.panjabdigilib.org

# ਮੈਂ ਬਾਗ਼ੀ ਹਾਂ

ਮੈਂ ਬਾਗ਼ੀ, ਮੈਂ ਬਾਗ਼ੀ ਮਜ਼੍ਹਬਾ !
ਮੰਦਰਾਂ ਅਤੇ ਮਸੀਤਾਂ ਤੋਂ।
ਜੀਵਨ-ਘਾਤਕ ਸ੍ਵਰਗ ਨਰਕ ਤੋਂ,
ਬੇਦਿਲ ਮੁਰਦਾ ਰੀਤਾਂ ਤੋਂ।
ਤੇਰੇ ਉੱਚੇ ਦਾਹਵੇ ਕੋਲੋਂ,
ਤੇਰੇ ਬੇ-ਰਸ ਗੀਤਾਂ ਤੋਂ।
ਸਭ ਕੁਝ ਸਦਕੇ ਘੋਲੀ ਕੀਤਾ,
ਇਸ ਬੰਦੇ ਦੀਆਂ ਪ੍ਰੀਤਾਂ ਤੋਂ।



Digitized by Panjab Digital Library | www.panjabdigilib.org

ਮੈਂ ਰੱਬ ਨੂੰ ਪਿਆਰ ਕਰਦਾ ਹਾਂ, ਕਿਉਂਕਿ ਉਹਨੇ ਮੈਨੂੰ, ਉਸ ਨੂੰ ਨਾ ਮੰਨਣ ਤਕ ਦੀ ਵੀ ਆਜ਼ਾਦੀ ਦੇ ਰਖੀ ਹੈ।

ਟੈਗੋਰ.

★

੧.

ਉਸ ਰਬ ਕੋਲੋਂ,

ਜਿਹੜਾ ਸਜਦੇ ਵਿਚ ਹਰ ਵੇਲੇ ਈ,
ਗੋਡੇ ਰਗੜਾਣਾ ਚਾਂਹਦਾ ਹੈ।
ਡਰ ਪਾ ਕੇ ਨਰਕੀ ਅੱਗਾਂ ਦੇ,
ਮਿਨਤਾਂ ਕਰਵਾਣਾ ਚਾਂਹਦਾ ਹੈ।
ਦਸ ਦਸ ਕੇ ਰੋਹਬ ਚੁਰਾਸੀ ਦੇ,



Digitized by Panjab Digital Library | www.panjabdigilib.org

ਕੋਈ ਧੌਂਸ ਜਮਾਣਾ ਚਾਂਹਦਾ ਹੈ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਖ਼ੁਦਾ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

੨.

ਉਸ 'ਬੀਤੇ' ਤੋਂ,
ਜਿਹੜਾ ਮੇਰੇ ਜੀਵਨ-ਮਾਰਗ ਤੇ,
ਇਉਂ ਪਰਬਤ ਵਾਂਗ ਖਲੋ ਜਾਵੇ।
ਆਦਰਸ਼ ਮੇਰੇ ਦੀ ਮਨਜ਼ਲ ਹੀ,
ਅਖੀਆਂ ਤੋਂ ਉਹਲੇ ਹੋ ਜਾਵੇ।
ਹਰ ਹਰਕਤ ਤੇ, ਮੇਰੇ ਸੁਪਨੇ ਨੂੰ,
ਜਿਹੜਾ ਪੈਰਾਂ ਹੇਠ ਮਲੋ ਜਾਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਬੀਤੇ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।



Digitized by Panjab Digital Library | www.panjabdigilib.org

੩.

ਉਸ ਮੰਦਰ ਤੋਂ,

ਜਿਥੇ ਪੱਥਰ ਦੇ ਇਕ ਬੁਤ ਅੱਗੇ,
ਸਾਮਿਗ੍ਰੀ ਕੁਝ ਖਿਲਾਰੀ ਹੈ।
ਇਕ ਪੋਥੀ ਹੈ, ਇਕ ਟੱਲੀ ਹੈ,
ਨਾਲ ਇਕ ਖ਼ੁਦ-ਗਰਜ਼ ਪੁਜਾਰੀ ਹੈ।
ਜਿਹੜਾ ਭਗਤਾਂ ਵਿਚ ਇਉਂ ਦਿਸਦਾ ਏ,
ਜਿਉਂ ਮਜਮੇਂ ਵਿਚ ਮਦਾਰੀ ਹੈ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਮੰਦਰ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

੪.

ਉਸ ਮਜ਼ਹਬ ਤੋਂ,

ਜਿਹੜਾ ਸੱਕੇ ਵਤਨੀ ਵੀਰਾਂ ਨੂੰ,
ਵਖ ਵਖ ਰਹਿਣਾ ਸਿਖਲਾ ਦੇਵੇ।



Digitized by Panjab Digital Library | www.panjabdigilib.org

ਕਦੇ ਬਾਂਗਾਂ ਤੋਂ, ਕਦੇ ਵਾਜੇ ਤੋਂ,
ਡਾਂਗਾਂ ਸੋਟੇ ਖੜਕਾ ਦੇਵੇ।
ਵਿਚ ਰਬ ਨੂੰ ਜ਼ਾਮਨ ਰਖ ਕੇ ਤੇ,
ਜਿਹੜਾ ਢਿਡ ਵਿਚ ਛੁਰਾ ਖੁਭਾ ਦੇਵੇ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਮਜ਼੍ਹਬ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

੫.

ਉਸ ਪੁਸਤਕ ਤੋਂ,

ਦਸ ਦਸ ਕੇ ਰੋਹਬ ਕਿਆਮਤ ਦੇ,
ਜਿਹੜੀ ਜੀਵਨ ਨੂੰ ਸਹਿਮਾਇ ਪਈ।
ਮਾਹਸੂਮ ਜਹੀ ਦਿਲ-ਕਹਿਣੀ ਤੋਂ,
ਜਿਹੜੀ ਕੁੰਭੀ-ਨਰਕ ਵਿਖਾਇ ਪਈ।
ਦਸ ਗੁਰਜ-ਮਨੂੰ ਯਮ-ਦੂਤਾਂ ਦੇ
ਮੇਰਾ ਹਰਦਮ ਖ਼ੂਨ ਸੁਕਾਇ ਪਈ।



Digitized by Panjab Digital Library | www.panjabdigilib.org

ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਪੁਸਤਕ ਤੋਂ ਬਾਗ਼ੀ ਹਾਂ ।
ਮੈਂ ਆਕੀ ਹਾਂ ।

੬.

ਉਸ ਦੌਲਤ ਤੋਂ

ਜਿਨੂੰ ਵਰਤਣ, ਮਾਣਨ, ਲੈਣ ਲਈ,
ਸੌ ਸੌ ਪਾਖੰਡ ਬਣਾਣੇ ਪੈਣ ।
ਕੋਹਣਾ ਪੈ ਜਾਇ ਜ਼ਮੀਰਾਂ ਨੂੰ,
ਵੀਰਾਂ ਦੇ ਗਲੇ ਕਟਾਣੇ ਪੈਣ ।
ਸ੍ਵੈਮਾਨ ਵੇਚਣਾ ਪੈ ਜਾਵੇ,
ਰੀਝਾਂ, ਅਰਮਾਨ ਲੁਟਾਣੇ ਪੈਣ ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਦੌਲਤ ਤੋਂ ਬਾਗ਼ੀ ਹਾਂ ।
ਮੈਂ ਆਕੀ ਹਾਂ ।



Digitized by Panjab Digital Library | www.panjabdigilib.org

੭.

ਉਸ ਸਮਾਜ ਤੋਂ,

ਬਦਲੇ ਮੇਰੀਆਂ ਚੰਗਿਆਈਆਂ ਦੇ,
ਜਿਦ੍ਹੇ ਹੋਠਾਂ ਤੇ ਇਕ 'ਵਾਹ' ਵੀ ਨਹੀਂ।
ਮੇਰੇ ਦੁਖ ਵੇਲੇ ਹਮਦਰਦੀ ਨਹੀਂ,
ਦੋ ਅਥਰੂ ਜਾਂ ਇਕ ਆਹ ਵੀ ਨਹੀਂ।
ਦਿਲ ਤੋੜਨ, ਜਜ਼ਬੇ ਰੋਲਣ ਦੀ,
ਜਿਨ੍ਹੂੰ ਰਤੀ ਜਿੰਨੀ ਪਰਵਾਹ ਵੀ ਨਹੀਂ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਸਮਾਜੋਂ ਬਾਗੀ ਹਾਂ।
ਮੈਂ ਆਕੀ ਹਾਂ।

੮.

ਉਸ ਇਤਿਹਾਸ ਤੋਂ,

ਜਿਸ ਦੇ ਵਿਚ ਲੜ ਲੜ ਮਰਨ ਲਈ,
ਭਰਿਆ ਬਾਰੂਦ ਮਸਾਲਾ ਏ।



Digitized by Panjab Digital Library | www.panjabdigilib.org

ਹਰ ਅੱਖ਼ਰ ਜ਼ਿਦ੍ਹਾ ਮਨੁੱਖਾਂ ਨੂੰ,
ਪਾੜਨ ਤੇ ਵੰਡਣ ਵਾਲਾ ਏ।
ਦੁਖ-ਦਾਈ ਕਾਲੀਆਂ ਯਾਦਾਂ ਤੋਂ,
ਜਿਦ੍ਹਾ ਇਕ ਇਕ ਵਰਕਾ ਕਾਲਾ ਏ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਇਤਿਹਾਸੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

੯.

ਉਸ ਕਿਸਮਤ ਤੋਂ,
ਜਿਹੜੀ ਹੱਥੀਂ ਕਖ ਨਾ ਕਰਨ ਦਏ,
ਤੇ ਲਕ ਹਿੰਮਤ ਦਾ ਤੋੜ ਦਏ।
ਡੋਰੇ ਪਾ ਪਾ ਤਦਬੀਰਾਂ ਨੂੰ,
ਕਰ ਬੋਟ ਦੇ ਵਾਂਗਰ ਛੋੜ ਦਏ।
ਹਰ ਵੰਗਿਆਈ ਮੰਦਿਆਈ ਨੂੰ,



Digitized by Panjab Digital Library | www.panjabdigilib.org

ਜੂਨਾਂ ਦੇ ਨਾਲ ਚੰਬੋੜ ਦਏ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਕਿਸਮਤ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।

## ੧੦.

ਉਸ ਜੀਵਨ ਤੋਂ

ਜਿਨ੍ਹੂੰ ਜੀ ਭਰ ਕੇ ਮੈਂ ਜੀ ਨਾ ਸਕਾਂ,
ਮਰਜ਼ੀ ਅਨੁਸਾਰ ਬਿਤਾ ਨਾ ਸਕਾਂ।
ਜੀਵਨ ਦਾ ਸਾਥੀ ਚੁਣ ਨਾ ਸਕਾਂ,
ਸੱਧਰਾਂ, ਅਰਮਾਨ ਸੁਣਾ ਨਾ ਸਕਾਂ।
ਮੈਂ ਹੱਸਣਾ ਚਾਹਾਂ, ਹੱਸ ਨਾ ਸਕਾਂ,
ਜੇ ਗਾਣਾ ਚਾਹਾਂ ਤੇ ਗਾ ਨਾ ਸਕਾਂ।
ਲੂੰ ਲੂੰ ਦੀ ਜੀਭੋਂ ਕਹਿੰਦਾ ਹਾਂ,
ਮੈਂ ਉਸ ਜੀਵਨ ਤੋਂ ਬਾਗ਼ੀ ਹਾਂ।
ਮੈਂ ਆਕੀ ਹਾਂ।



Digitized by Panjab Digital Library | www.panjabdigilib.org

# ਹਿੰਦੀ ਜਵਾਨ ਨੂੰ –

ਰਖ ਰਖ ਰੋਜ਼ੇ ਸਾੜ ਨਾ ਪਿੱਤਾ,
ਮਰਨੈਂ ਕਿਉਂ ਧੰਙਾਣੇ ?
ਏਸ ਆਸ ਤੇ ਭੁੱਖਾ ਨਾ ਮਰ,
ਅੱਗੇ ਮਿਲਸਨ ਖਾਣੇ ।
ਜੋ ਕੁਝ ਏਥੇ ਮਿਲਦਾ ਈ ਖਾ ਲੈ,
ਰਬ ਦਾ ਸ਼ੁਕਰ ਮਨਾ ਕੇ,
ਇਹ ਵੀ ਅੱਗੇ ਲੱਭੇ ਜਾਂ ਨਾ ਲਭੇ,
ਮੌਲਾ ਜਾਣੇ ।

★

ਇਸ ਵੇਲੇ ਸਾਡੀ ਪਹਿਲੀ ਜ਼ਰੂਰਤ ਇਕ ਨਵਾਂ ਫ਼ਲਸਫ਼ਾ ਹੈ, ਇਕ ਨਵਾਂ ਸਮਾਜਕ ਨਜ਼ਾਮ, ਇਕ ਨਵਾਂ ਧਰਮ – ਰੱਬ ਦਾ ਧਰਮ ਨਹੀਂ, ਬਲਕਿ ਮਾਨੁਸ਼ ਦਾ; ਡਰ ਦਾ ਧਰਮ ਨਹੀਂ; ਬਲਕਿ ਸੁਤੰਤ੍ਰਤਾ ਦਾ, ਸ੍ਵਰਗਾਂ ਦਾ ਧਰਮ ਨਹੀਂ, ਸਾਡੀ ਆਪਣੀ ਧਰਤੀ ਦਾ ।

ਈਥਲ ਮੈਨਿਨ

Confessions and Impressions ਚੋਂ



Digitized by Panjab Digital Library | www.panjabdigilib.org

## ੧.

ਸਿਰ ਨੂੰ ਸਜਦੇ 'ਚੋਂ ਚਾ ਕੇ,
ਤਕ ਚੌ-ਗਿਰਦੇ ਨਜ਼ਾਰਾ।
ਕੀਕਰ ਫਾਬੇ ਅਜ਼ਾਬੀਂ,
ਤੇਰਾ ਭਾਰਤ ਪਿਆਰਾ ?
ਧੀਆਂ ਇਲਮੋਂ ਨਾਵਾਕਫ਼,
ਪੁੱਤਰ ਵਿਦਿਆ ਤੋਂ ਕੋਰੇ।
ਗੋਡੇ ਗੋਡੇ ਗ਼ਰੀਬੀ,
ਰੋਟੀ ਕਪੜੇ ਦੇ ਝੋਰੇ।
ਛਮ ਛਮ ਵਹਿੰਦੇ ਨੇ ਹੰਝੂ।
ਵਹਿੰਦੇ ਰਹਿੰਦੇ ਨੇ ਹੰਝੂ।
ਬੱਚੇ ਢਿੱਡਾਂ ਤੋਂ ਭੁੱਖੇ,
ਭੈਣਾਂ ਪਿੰਡੇ ਤੋਂ ਨੰਗੀਆਂ।
ਤੈਨੂੰ ਹੂਰਾਂ ਦੀਆਂ ਗੱਲਾਂ,
ਕੀਕਰ ਲਗਦੀਆਂ ਚੰਗੀਆਂ ?
ਜਿੱਥੇ ਹੋਵਣ ਚੁਪਾਸੇ,
ਚਿਹਰੇ ਝੁਰੜੇ ਨਿਰਾਸੇ।



Digitized by Panjab Digital Library | www.panjabdigilib.org

ਜਿਥੇ ਆਲੇ ਦੁਆਲੇ,
ਸਾਰਾ ਜੀਵਨ-ਘਰੋਗੀ,
ਹੋਵੇ ਹੰਝੂਆਂ ਵਿਚ ਭਿੱਜਾ,
ਵਧ ਕੇ ਨਰਕਾਂ ਤੋਂ ਸੋਗੀ।
ਜਿੱਥੇ ਵੀਰਾਂ ਦੇ ਦੁਖੜੇ,
ਹਰਦਮ ਤੈਨੂੰ ਵੰਗਾਰਨ ।
ਜਿੱਥੇ ਮਾਵਾਂ ਦੇ ਹੰਝੂ,
ਤੈਨੂੰ ਵਾਜਾਂ ਪਏ ਮਾਰਨ ।
ਜਿੱਥੇ ਹਰਦਮ ਹਨੇਰੀ,
ਰਹਿੰਦੀ ਆਹਾਂ ਦੀ ਵਗਦੀ।
ਬੀਬਾ ! ਓਥੇ ਸਮਾਧੀ,
ਤੇਰੀ ਕੀਕਰ ਹੈ ਲਗਦੀ ?
ਰਖ ਦੇ ਆਲੇ ਵਿਚ ਤਸਬੀ,
ਟੰਗ ਦੇ ਕਿੱਲੀ ਤੇ ਮਾਲਾ।
ਫੁੱਲਾਂ ਵਾਂਗਰ ਹਸਾ ਦੇ,
ਰੋਂਦਾ ਆਲਾ-ਦੁਆਲਾ ।
ਜ਼ਾਤੀ ਮੁਕਤੀ ਤੋਂ ਉੱਚਾ,
ਕਰ ਲੈ ਜੀਵਨ ਨਿਸ਼ਾਨਾ।

ਸੋਹਣੇ ਹਿੰਦੀ ਜਵਾਨਾ !



Digitized by Panjab Digital Library | www.panjabdigilib.org

੨.

ਨਾ ਪਿਆ ਨਰਕਾਂ ਤੋਂ ਡਰ ਤੂੰ।
ਡਰਦਾ ਹਰ ਹਰ ਨਾ ਕਰ ਤੂੰ।
ਲੈ ਕੇ ਸ੍ਵਰਗਾਂ ਦਾ ਲਾਰਾ।
ਜੀਵਨ ਨਾ ਕਰ ਨਿਕਾਰਾ।
ਨਾ ਰਖ ਜ਼ਮ-ਜ਼ਮ ਤੇ ਆਸਾਂ,
ਹੂਰਾਂ ਕਢ ਦੇ ਖ਼ਿਆਲੋਂ।
ਨਿਕਲ ਪੰਡਤਾਂ ਦੀ ਫਾਹੀਓਂ।
ਬਚ ਜਾ ਮੁੱਲਾਂ ਦੇ ਜਾਲੋਂ।
ਕਰ ਦੇ ਮਸਜਿਦ, ਸ਼ਿਵਾਲੇ,
ਮੁੱਲਾਂ, ਪੰਡਤਾਂ ਹਵਾਲੇ।
ਸਦਕੇ! ਸੋਹਣਿਆਂ! ਜਣਿਆਂ!
ਤੂੰ ਨਹੀਂ ਇਹਨਾਂ ਲਈ ਬਣਿਆਂ।
ਤੇਰੇ ਹਥਾਂ ਵਿਚ ਮਾਲਾ,
ਤੇਰੇ ਡਹੁਲੇ ਦੀ ਹੱਤਕ।
ਤੇਰੇ ਗਲ ਵਿਚ ਇਹ ਕਫ਼ਨੀ,
ਹੈ ਜਵਾਨੀ ਨੂੰ ਤਾਹਨਾ।
ਸੋਹਣੇ ਹਿੰਦੀ ਜਵਾਨਾ!



Digitized by Panjab Digital Library | www.panjabdigilib.org

## ੩.

ਤੂੰ ਹੈਂ ਏਸੇ ਲਈ ਲਿੱਸਾ,
ਏਸੇ ਕਰ ਕੇ ਹੈਂ ਮਾੜਾ ।
ਕਿ ਤੂੰ ਧੂੜਾਂ ਤੋਂ ਡਰ ਕੇ,
ਛਡਿਐ ਜੀਵਨ-ਅਖਾੜਾ ।
ਕਾਹਨੂੰ ਹੋਣੀ ਨਾਲ ਲੜਿਐਂ ?
ਵੇ ! ਤੂੰ ਕਿਥੇ ਜਾ ਵੜਿਐਂ ?
ਗਿਰਜੇ, ਮਸਜਿਦ ਤੇ ਮੰਦਰ,
ਕੀ ਆ ਇਹਨਾਂ ਦੇ ਅੰਦਰ ?
ਐਵੇਂ ਜੋਤਾਂ ਜਗਾ ਕੇ,
ਏਥੋਂ ਕਿਸ ਨੂੰ ਏਂ ਲਭਦਾ ?
ਤੈਨੂੰ ਕਿਸ ਨੇ ਭੁਲੇਖਾ,
ਏਥੇ ਪਾਇਆ ਏ ਰਬ ਦਾ ?
ਗੁੰਝਲੇ ਜੀਵਨ ਦੇ ਮਸਲੇ,
ਏਥੇ ਪੈ ਗਏ ਖੱਟੇ ।
ਹੋਂਦੇ ਜੰਨਤਾਂ ਦੇ ਸੌਦੇ,
ਨਾਲੇ ਹੂਰਾਂ ਦੇ ਸੱਟੇ ।
ਮੁੱਲਾਂ, ਪੰਡਤਾਂ ਤੇ ਭਾਈਆਂ,
ਚਾਰੇ ਪਾਸੇ ਚਲਾਈਆਂ ।



Digitized by Panjab Digital Library | www.panjabdigilib.org

ਹਟੀਆਂ ਮੌਲਾ ਦੇ ਨਾਂ ਤੇ,
ਰੱਬ ਦੇ ਨਾਂ ਤੇ ਦੁਕਾਨਾਂ।
ਦੇਂਦੇ ਜਨਤਾਂ ਦੇ ਲਾਰੇ,
ਜੀਵਨ ਲੈ ਕੇ ਬਿਆਨਾਂ।
ਵੇ ਤੂੰ ਸਮਝੇਂਗਾ ਕਿਸ ਦਿਨ ?
ਸੋਹਣੇ ਹਿੰਦੀ ਜਵਾਨਾ !

## ੪.

ਤੇਰੇ ਸੁਤਿਆਂ ਹੀ ਸੁਤਿਆਂ,
ਜੀਵਨ ਕੌਮਾਂ ਦੇ ਵਟ ਗਏ।
ਨਕਸ਼ੇ ਮੁਲਕਾਂ ਦੇ ਵਟ ਗਏ,
ਰਾਹ ਦਰਿਆਵਾਂ ਦੇ ਵਟੇ ਗਏ,
ਕਲ੍ਹ ਦੇ ਰੇਤੜ ਦੀਆਂ ਵਟੀਆਂ,
ਅਜ ਕੁਝ ਜਹੀਆਂ ਨੁਹਾਰਾਂ।
ਸਦਕੇ ਉਸ ਦੀ ਖ਼ਿਜ਼ਾਂ ਤੋਂ,
ਆ ਆ ਹੋਈਆਂ ਬਹਾਰਾਂ।
ਕੋਈ ਵੀ ਚੀਜ਼ ਪੁਰਾਣੀ।
ਹੁਣ ਨਹੀਂ ਜਾਂਦੀ ਪਛਾਣੀ।
ਛਡ ਕੇ ਡੂੰਘੇ ਘੁਰਾੜੇ,



Digitized by Panjab Digital Library | www.panjabdigilib.org

ਜਾਗੇ ਕਬਰਾਂ ਵਿਚ ਸੁੱਤੇ
ਉਤਲੇ ਹੋ ਗਏ ਹੇਠਾਂ,
ਹੇਠੋਂ ਆ ਗਏ ਉੱਤੇ।
ਸੰਗਲ ਲਾਹ ਕੇ ਗ਼ੁਲਾਮਾਂ।
ਛਡੀਆਂ ਨਿਉਂ ਨਿਉਂ ਸਲਾਮਾਂ।
ਕੌਮਾਂ ਦੌੜਾਂ ਵਿਚ ਰੁਝੀਆਂ।
ਨੇੜੇ ਮਨਜ਼ਲ ਦੇ ਪੁਜੀਆਂ।
ਤੇ ਇਹ ਤੇਰੇ ਰੁਝੇਵੇਂ,
ਅਜ ਕਲ ਵਾਜੇ, ਅਜ਼ਾਨਾਂ?
ਕਿਹੜੇ ਵਹਿਣਾਂ ਵਿਚ ਪੈ ਗਿਐਂ?

ਸੋਹਣੇ ਹਿੰਦੀ ਜਵਾਨਾ?

੫.

ਜੀਵਨ ਜੀਵਣ ਲਈ ਮਿਲਿਐ।
ਹੋਵਣ ਥੀਵਣ ਲਈ ਮਿਲਿਐ।
ਖੇਡਣ ਹੱਸਣ ਲਈ ਮਿਲਿਐ।
ਕਰ ਕੇ ਦੱਸਣ ਲਈ ਮਿਲਿਐ।
ਘਾਲਾ ਘਾਲਣ ਲਈ ਮਿਲਿਐ।
ਪ੍ਰੀਤਾਂ ਪਾਲਣ ਲਈ ਮਿਲਿਐ।



Digitized by Panjab Digital Library | www.panjabdigilib.org

ਵੇਖਣ, ਜਾਣਨ ਲਈ ਮਿਲਿਐ।
ਵਰਤਣ ਮਾਣਨ ਲਈ ਮਿਲਿਐ।
ਜੀਵਨ ਤੇਰਾ ਹੈ ਤੇਰਾ,
ਇਹ ਨਾ ਸਮਝ ਬਿਗਾਨਾ!
ਇਹਨੂੰ ਧੂਫਾਂ ਦੇ ਧੂੰਏਂ,
ਅੰਦਰ ਐਵੇਂ ਗੀਵਾ ਨਾ!

ਸੋਹਣੇ ਹਿੰਦੀ ਜਵਾਨਾ।

★

ਮੰਦਰ ਦੀ ਚੁਪ-ਚਾਪ ਉਦਾਸੀ ਵਿਚੋਂ,
ਬੱਚੇ ਮਿੱਟੀ ਘੱਟੇ ਵਿਚ ਖੇਡਣ ਵਾਸਤੇ
ਬਾਹਰ ਨਿਕਲ ਆਉਂਦੇ ਨੇ।
ਰਬ ਉਨ੍ਹਾਂ ਨੂੰ ਖੇਡਦਾ ਵੇਖਦਾ ਹੈ, ਤੇ
ਭੁਲ ਜਾਂਦਾ ਹੈ ਆਪਣੇ ਪੁਜਾਰੀ ਨੂੰ।

—ਟੈਗੋਰ



Digitized by Panjab Digital Library | www.panjabdigilib.org

# ਬੰਦਾ – ਮਜ਼ਹਬ ਨੂੰ

ਉੱਚੇ ਹੋਕੇ ਵਾਲੇ ਮਜ਼੍ਹਬਾ !
ਵੇਖੇ ਤੇਰੇ ਕਾਰੇ।
ਬੰਦਿਆਂ ਤੋਂ ਤੁਧ ਵਹਿਸ਼ੀ ਕੀਤੇ,
ਲਾ ਸੁਰਗਾਂ ਦੇ ਲਾਰੇ।
ਕਦੇ ਚਲਾਨੈਂ ਡਾਗਾਂ ਛੁਰੀਆਂ,
ਕਦੇ ਚਲਾਨੈਂ ਆਰੇ।
ਖੋਹਲ ਸੁਣਾਣੇ ਪੈ ਗਏ ਤੇਰੇ,
ਕੱਚੇ-ਚਿੱਟੇ ਸਾਰੇ।



Digitized by Panjab Digital Library | www.panjabdigilib.org

ਓ! ਧੁਰ ਦਰਗਾਹੋਂ, ਚਲ ਆਇ ਮਜ਼ਹਬ !
ਓ! ਖ਼ਾਸ ਖ਼ੁਦਾ ਦੇ, ਭਿਜਵਾਇ ਮਜ਼ਹਬ !
ਤੇਰੇ ਦਾਹਵੇ ਸੁਣ ਕੇ, ਤੇਰੇ ਕਾਰੇ ਤਕ ਕੇ।
ਤੇਰੇ ਮਸਲੇ ਪੜ੍ਹ ਕੇ, ਤੇਰੇ ਆਰੇ ਤਕ ਕੇ।

ਤੇਰੇ ਮੂੰਹ ਤੋਂ ਬੁਰਕਾ, ਅਜ ਚਾਣ ਲਗਾ ਹਾਂ।
ਘਸਵੱਟੀ ਉੱਤੇ, ਤੈਨੂੰ ਲਾਣ ਲਗਾ ਹਾਂ।
ਤੇਰਾ ਭਰਮ-ਭੁਲੇਖਾ, ਅਜ ਖੋਹਲਣ ਲੱਗਾਂ।
ਤੇਰਾ ਕੱਚਾ-ਚਿੱਠਾ, ਅਜ ਫੋਲਣ ਲੱਗਾਂ।

---

ਤੇਰੀ ਜ਼ਾਤ ਤੇ ਲਗੀਆਂ, ਸਨ ਉਚੀਆਂ ਆਸਾਂ।
ਕਿ ਤੂੰ ਆਣ ਬੁਝਾਸੈਂ, ਸਭ ਜੀਵਨ-ਪਜਾਸਾਂ।
ਮਿਟ ਜਾਸੀ ਸਾਰਾ, 'ਅਗਿਆਨ-ਹਨੇਰਾ।
ਹੋ ਜਾਸੀ ਰੌਸ਼ਨ, ਸੰਸਾਰ ਦਾ ਚਿਹਰਾ।
ਇਹ ਖਹਿੰਦੀ ਦੁਨੀਆਂ, ਸਾਹ ਸੁਖ ਦਾ ਲੈਸੀ।
ਇਦ੍ਹੀ ਤਪਦੀ ਛਾਤੀ ਵਿਚ ਠੰਢਕ ਪੈਸੀ।



Digitized by Panjab Digital Library | www.panjabdigilib.org

ਹੋ ਜਾਸਣ ਗ਼ਾਇਬ, ਅਡਤਾ ਤੇ ਵਖੇਵੇਂ ।
ਮਿਲ ਬਹਿਸੀ ਖ਼ਲਕਤ, ਛਡ ਰੋਸ-ਰੁਸੇਵੇਂ ।

ਹਟ ਜਾਸਣ ਵੰਡੀਆਂ, ਮਿਟ ਜਾਸਣ ਪਾੜੇ ।
ਡਿਗ ਪੈਸਣ ਹੱਥੋਂ, ਛਵ੍ਹੀਆਂ ਤੇ ਕੁਹਾੜੇ ।

ਟੁਟ ਜਾਸਣ ਤੇਗਾਂ, ਭਜ ਜਾਸਣ ਛੁਰੀਆਂ ।
ਤੇ ਇਹਨਾਂ ਤੋਂ ਬਣਸਣ, ਘੋੜੇ ਦੀਆਂ ਖੁਰੀਆਂ ।

ਹਰ ਮਥੇ ਤੋਂ ਹਟਸੀ ਨਫ਼ਰਤ ਦੀ ਤਿਉੜੀ ।
ਰੁਕ ਜਾਸੀ ਅੰਦਰੇ, ਗਲ ਫਿੱਕੀ ਕਉੜੀ ।

ਪਿਪਣਾਂ ਦੇ ਉੱਤੋਂ, ਹੰਝੂ ਸੁਕ ਜਾਸਣ ।
ਹੋਠਾਂ ਤੇ ਆਈਆਂ, ਆਹਾਂ ਰੁਕ ਜਾਸਣ ।

ਖਿੜ ਪੈਸਣ ਮੁਢੋਂ, ਦਿਲ ਹਿਸੇ-ਨਿਰਾਸੇ ।
ਅੰਤੇ ਰੋਂਦੇ ਬੁਲ੍ਹਾਂ, ਉਤੇ ਨਚਸਣ ਹਾਸੇ ।

ਹਰ ਬੋਟ ਨੂੰ ਮਿਲਸੀ, ਢਿਡ-ਭਰਵਾਂ ਚੋਗਾ ।
ਹੋ ਜਾਸੀ ਜੀਵਨ, ਮੁੜ ਜੀਵਣ ਜੋਗਾ ।

ਪਰ ਸ਼ਾਵਾ ਤੈਨੂੰ, ਵਾਹ ਤੇਰੀ ਨੀਤੀ ।
ਅਸ਼ਕੇ ਈ ਓ ਜਣਿਆਂ ! ਤੂੰ ਚੰਗੀ ਕੀਤੀ ।



Digitized by Panjab Digital Library | www.panjabdigilib.org

ਸੀ ਲਹਿਰਾਂ ਹੱਥੋਂ, ਜਿਹੜਾ ਰਹਿੰਦੀ-ਖੂੰਹਦੀ।
ਕਰ ਦਿੱਤੀ ਆ ਕੇ, ਤੂੰ ਬੇੜੀ ਮੂੰਹਦੀ।

ਤੂੰ ਭਾਈ ਭਾਈ ਵਿਚ ਭੰਡੀਆਂ ਪਾਈਆਂ।
ਤੂੰ ਬੰਦੇ ਬੰਦੇ ਵਿਚ ਵੰਡੀਆਂ ਪਾਈਆਂ।

ਇਹ ਹਿੰਦੂ, ਮੁਸਲਿਮ, ਉਹ ਸਿੱਖ, ਈਸਾਈ।
ਕਰ ਦਿੱਤੀ ਡਕਰੇ, ਮਖ਼ਲੂਕ-ਖ਼ੁਦਾਈ।

ਤੂੰ "ਜ਼ਮ-ਜ਼ਮ" ਦਸ ਕੇ ਹਥ ਛੁਰੇ ਫੜਾਇ।
ਤੂੰ "ਹੂਰਾਂ" ਦਸ ਦਸ ਕਈ ਵੀਰ ਕੁਹਾਇ।

ਡਰ ਨਰਕ ਦੇ ਪਾ ਕੇ, ਸੁਟ ਸ੍ਵਰਗ ਦੇ ਚੋਗੇ।
ਨਾ ਛੱਡੇ ਵਤਨੀ, ਰਲ ਬੈਠਣ ਜੋਗੇ।

ਕੋਈ ਪੈਦਾ ਕੀਤਾ, ਨਾ ਤੂੰ ਯਾਰ ਵਤਨ ਦਾ।
ਨਾ ਮੌਲਣ ਦਿੱਤਾ, ਕਦੇ ਪਜਾਰ ਵਤਨ ਦਾ।

ਤੇਰੇ ਸਿਦਕੀ, ਪ੍ਰੇਮੀ, ਤੇਰੇ ਮੁਢ ਦੇ ਹਾਮੀ।
ਪਏ ਰਜ ਰਜ ਮਾਣਨ, ਤੇਰੀ ਦਾਤ ਗ਼ੁਲਾਮੀ।

ਗਿਟਿਆਂ ਤੇ ਵੀ ਕੜੀਆਂ, ਬਾਹਾਂ ਤੇ ਵੀ ਕੜੀਆਂ।
ਹੰਝੂਆਂ ਤੇ ਮਨਾਹੀ, ਆਹਾਂ ਤੇ ਵੀ ਕੜੀਆਂ।



Digitized by Panjab Digital Library | www.panjabdigilib.org

ਮਾਂ ਚੋਰ ਦੀ ਵਾਂਗਰ, ਵੜ ਅੰਦਰ ਰੋਂਦੇ ।
ਅਖ ਸਮੇਂ ਦੀ ਵੇਖੇ, ਕਦੇ ਖ਼ੁਸ਼ ਨਾ ਹੋਂਦੇ ।

•

ਕਿਸੇ ਨਿਜ ਦੀ ਗੱਲੋਂ, ਹਥ ਚਾਕੂ ਫੜਿਆ ।
ਢਿਡ ਪਾੜ ਕਿਸੇ ਦਾ, ਤੇਰੀ ਬੁਕਲੀ 'ਚ ਵੜਿਆ ।

ਤੂੰ 'ਗਾਜ਼ੀ' ਕਹਿਕੇ ਉਹਨੂੰ ਹਿਕ ਨਾਲ ਲਾਇਆ ।
ਇਖ਼ਲਾਕ ਦੀ ਪਕੜੋਂ, ਛੁਡਵਾਣਾ ਚਾਹਿਆ ।

ਹਰ ਕਤਲ ਨੂੰ ਮਿਲਿਆ ਤੇਰੇ ਨਾਂ ਦਾ ਉਹਲਾ ।
ਹਰ ਖ਼ੂਨ ਨੂੰ ਮਿਲਿਆ ਤੇਰੀ ਛਾਂ ਦਾ ਉਹਲਾ ।

ਤਕ ਲੋਅ 'ਚ ਨਾ ਮਚਦੀ, ਉਹ ਅੰਨ੍ਹੀ-ਲੋਟੀ ।
ਅਤੇ ਔਖੀ ਚਲਦੀ ਤੇਰੀ ਹਲਵਾ-ਰੋਟੀ ।

ਤੂੰ ਰੋਸ਼ਨ ਦੀਵਾ, ਕੋਈ ਜਗਣ ਨਾ ਦਿੱਤਾ ।
ਕੋਈ ਚਾਨਣ ਰੂਹਾਂ, ਨੂੰ ਲਗਣ ਨਾ ਦਿੱਤਾ ।

ਕੰਧ ਵਾਂਗ ਖਲੋ ਗਿਓਂ, ਤਦਬੀਰਾਂ ਅੱਗੇ ।
ਰਗੜਾਇ ਮੱਥੇ, ਤਕਦੀਰਾਂ ਅੱਗੇ ।

ਲਾ ਵਹਿਮ ਦਾ ਸਿੱਥਾ, ਖੰਭ ਕੀਤੇ ਭਾਰੀ ।
ਤੂੰ ਰੋਕੀ ਰੂਹ ਦੀ, ਆਕਾਸ਼-ਉਡਾਰੀ ।



Digitized by Panjab Digital Library | www.panjabdigilib.org

ਤੂੰ 'ਉੱਦਮ' ਜਕੜੇ, ਤਕਦੀਰਾਂ ਦਸ ਕੇ ।
ਤੂੰ ਦਿਲ ਸਹਿਮਾਇ, ਤਾਹਜ਼ੀਰਾਂ ਦਸ ਕੇ ।

ਤੂੰ ਜਜ਼ਬੇ ਕੁਚਲੇ, ਕਈ ਕਾਰਾਂ ਪਾ ਕੇ ।
ਅਰਮਾਨ ਨਪੀੜੇ, ਕਈ ਨਰਕ ਵਿਖਾ ਕੇ ।

ਤੂੰ ਤੁਰਦਾ-ਜੀਵਨ, ਸਹਿਮਾਂ ਵਿਚ ਪਾਇਆ ।
ਤੂੰ ਉਡਦੀ ਰੂਹ ਨੂੰ, ਵਹਿਮਾਂ ਵਿਚ ਪਾਇਆ ।

ਹਰ ਵਹਿਮ ਤੇ ਲਾਈ, ਇਕ ਮੁਹਰ ਖ਼ੁਦਾਈ ।
ਹਰ ਭਰਮ ਨੂੰ ਦਸਿਆ, ਇਕ 'ਹੁਕਮ-ਇਲਾਹੀ' ।

ਤੇਰੇ ਜ਼ੁਲਮ ਦੇ ਹੱਥੋਂ, ਇਖ਼ਲਾਕ ਹੈ ਰੋਂਦਾ ।
ਇਨਸਾਫ਼ ਹੈ ਔਖਾ, ਇਤਫ਼ਾਕ ਹੈ ਰੋਂਦਾ ।

ਸਾਹ ਪਿਆਰ ਨੇ ਘੁਟਿਆ, ਤੇਰੇ ਫ਼ਤਵੇ ਤੋਂ ਡਰ ਕੇ ।
ਰਹਿ ਗਈਆਂ ਸਾਂਝਾਂ, ਆਹ ਠੰਢੀ ਭਰ ਕੇ ।

ਤਦਬੀਰਾਂ, ਹੀਲੇ, ਹਿੰਮਤ ਆਜ਼ਾਦੀ ।
ਸਭ ਤੇਰੇ ਹੱਥੋਂ, ਦੁਖੀਏ, ਫ਼ਰਿਆਦੀ ।

ਆਲਸ ਨੂੰ ਲੇਬਲ 'ਇਕ ਸਾਧ' ਦਾ ਲਾਇਆ ।
ਮੰਗ ਖਾਣ ਦਾ ਉਹਨੂੰ 'ਲਾਈਸੈਂਸ' ਫੜਾਇਆ ।



Digitized by Panjab Digital Library | www.panjabdigilib.org

ਦੇਸ-ਖੰਡ ਦੇ ਜੁੱਸੇ, ਤੂੰ ਭਸਮਾਂ ਲਾਈਆਂ।
ਤੂੰ ਲੰਮੀਆਂ ਜ਼ੁਲਫ਼ਾਂ ਫੜ ਜਟਾਂ ਬਣਾਈਆਂ।

ਤੂੰ ਛਿਥਿਆਂ ਕੀਤੀ, ਕਹਿ ਕਹਿ ਕੇ ਫ਼ਾਨੀ ।
ਭੰਗ-ਭਾੜੇ ਰੋਲੀ, ਕਹੀ ਸ਼ੋਖ਼ ਜਵਾਨੀ ।

ਤੇਰੇ ਉੱਚੇ ਮੰਦਰਾਂ, ਤੇ ਪਾਕ ਮਸੀਤਾਂ ।
ਕੋਹ ਧਰੀਆਂ ਕਿੰਨੀਆਂ, ਮਾਹਸੂਮ ਪਰੀਤਾਂ ।

ਤੇਰੀ ਅਖ ਦੀ ਤਿਉੜੀ, ਕਈ ਸੂਲੀ ਚਾੜ੍ਹੇ ।
ਤੇਰੇ ਭੜਕੇ ਰੋਹ ਨੇ, ਕਈ ਜਿਉਂਦੇ ਸਾੜੇ ।

ਘੁਟ ਪਾਣੀ ਬਾਝੋਂ, ਬੰਦੇ ਤੜਫ਼ਾਇ ।
ਦੁਧ ਚੁੰਘਦੇ ਬੱਚੇ, ਨੀਹਾਂ 'ਚ ਚਿਣਾਇ ।

ਤੇਰੇ ਦਾਮਨ ਉੱਤੇ, ਮੈਨੂੰ ਹਰ ਥਾਂ ਲੱਭੇ ।
ਮਾਹਸੂਮਾਂ ਦੇ ਹੰਝੂਆਂ ਤੇ ਖ਼ੂਨ ਦੇ ਧੱਬੇ ।

ਤੂੰ ਖ਼ੂਨ ਜਿਗਰ ਦਾ, ਜਿਹਾ ਠੰਢਾ ਕੀਤਾ ।
ਵੀਰਾਂ ਦੀ ਰਤ ਨੂੰ ਵੀਰਾਂ ਨੇ ਪੀਤਾ ।

ਜਿਹਾ ਪੀਂਢਾ ਕੀਤਾ, ਇਨਸਾਨੀ ਦਿਲ ਨੂੰ ।
ਸ਼ਰਮਾਇਆ ਜਿਸ ਨੇ, ਪੱਥਰ ਦੀ ਸਿਲ ਨੂੰ ।

ਹੋਵੇ ਇਸ ਤੋਂ ਵਧ ਕੇ, ਕੀ ਜ਼ੁਲਮ ਕਹਾਣੀ?
ਇਹ ਹਿੰਦੂ ਪਾਣੀ, ਉਹ ਮੁਸਲਿਮ ਪਾਣੀ।



Digitized by Panjab Digital Library | www.panjabdigilib.org

ਤੇਰਾ ਵਸ ਜੇ ਚੱਲੇ, ਵੰਡ ਦਏਂ ਹਵਾ ਨੂੰ ।
ਤੇ ਟੋਟੇ ਟੋਟੇ ਕਰ ਦਏਂ ਖ਼ੁਦਾ ਨੂੰ ।

ਕਿਰਪਾਨ ਫੜਾ ਦਏਂ, ਉਹਨੂੰ ਜੰਞੂ ਪਾ ਦਏਂ ।
ਮਹਿਰਾਬਾਂ ਲਾ ਕੇ, ਉਹਨੂੰ ਸਾਂਗ ਬਣਾ ਦਏਂ ।

---

ਤਕ ਭਾਈ ਮਿਲਦੇ, ਤੈਨੂੰ ਲਗਦਾ ਖਟਕਾ ।
ਵਿਚ ਆਣ ਖਲ੍ਹਾਵੇਂ, ਗਾਂ, ਸੂਰ ਤੇ ਝਟਕਾ ।

ਉਹਨੂੰ ਸੰਖ ਸੁਣਾ ਕੇ, ਉਹਨੂੰ ਦਸ ਕੇ ਬਾਂਗਾਂ ।
ਚਮਕਾਵੇਂ ਛੁਰੀਆਂ ਖੜਕਾਵੇਂ ਡਾਂਗਾਂ।

ਤਾਰੀਖ਼ ਦੇ ਪਿਛਲੇ, ਵੈਰਾਂ ਨੂੰ ਦੁਹਰਾ ਕੇ ।
ਅਣਖਾਂ ਨੂੰ ਹਿਲਾ ਕੇ, ਨਫ਼ਰਤ ਨੂੰ ਜਗਾ ਕੇ ।

ਏ-ਹੌਸੇ ਬੰਦੇ, ਤੂੰ ਕਤਲ ਕਰਾਇ ।
ਤੇ ਕਾਤਲ ਫੜ ਫੜ, ਅਸਮਾਨ ਚੜ੍ਹਾਇ ।

ਕਈ ਜੇਹਲੀਂ ਵਾੜੇ, ਕਈ ਫਾਂਸੀ ਚਾੜ੍ਹੇ ।
ਕਈ ਕੰਗਲੇ ਕੀਤੇ, ਕਈ ਝੁੱਗੇ ਸਾੜੇ ।

ਕੋਈ ਔਤਰ ਹੋ ਜਾਇ, ਕੋਈ ਬਹਿ ਜਾਇ ਰੰਡੀ।
ਤੇਰੀ ਸੜਦੀ ਛਾਤੀ, ਤਕ ਹੋਂਦੀ ਠੰਢੀ।

---



Digitized by Panjab Digital Library | www.panjabdigilib.org

ਤਕ ਸਮੇਂ ਦੇ ਹਥ ਵਿਚ, ਪ੍ਰਜ੍ਵਲਤ ਮਸ਼ਾਲਾਂ।
ਤੂੰ ਅਖੀਆਂ ਮੀਟੇਂ, ਤੇ ਕਢੇਂ ਗਾਲ੍ਹਾਂ।

ਦਿਲ ਜ਼ਰਾ ਕੁ ਤਿਰਖਾ, ਜਿਹੜਾ ਧੜਕਣ ਲੱਗਾ।
ਉਹ ਕੁਕਰੇ ਵਾਂਗਰ ਤੈਨੂੰ ਰੜਕਣ ਲੱਗਾ।

ਜੇ ਜਾਗਣ ਲੱਗੀ, ਸੁੱਤੀ ਖ਼ੁਦ-ਦਾਰੀ।
ਤੇਰੀ ਸ਼ਰਹ ਦੇ ਕੋਲੋਂ, ਇਹ ਨਾ ਗਈ ਸਹਾਰੀ।

ਉਹਨੂੰ ਵਰਜਣ ਲੱਗੋਂ, ਤੂੰ ਦਾਰਾਂ ਦਸ ਕੇ।
ਉਹਨੂੰ ਡਾਂਟ ਵਿਖਾਈ ਤਲਵਾਰਾਂ ਦਸ ਕੇ।

ਜੇ ਜਾਗੇ ਜਜ਼ਬੇ, ਇਕਣ ਵੀ ਨਾ ਸੁੱਤੇ।
ਤੂੰ ਫੜ ਫੜ ਟੰਗੇ, ਸੂਲੀ ਦੇ ਉੱਤੇ।

ਲਟਕਾ ਕੇ ਪੁੱਠੇ ਖੱਲਾਂ ਖਿਚਵਾਈਆਂ।
ਤੜਫ਼ਾ ਕੇ ਮਾਰੇ, ਤੁਧ ਵਾਂਗ ਕਸਾਈਆਂ।

ਇਨ੍ਹਾਂ ਜ਼ੁਲਮੀ ਕਾਰਾਂ, ਪਥਰਾਂ ਨੂੰ ਰੁਆਇਆ।
ਤੇਰੀ ਅਖ ਵਿਚ ਪਰ ਇਕ ਹੰਝੂ ਵੀ ਨ ਆਇਆ।

---

ਇਹ ਅੰਨ੍ਹੀ ਸ਼ਰਧਾ, ਇਹ ਨਾਮ-ਖ਼ੁਮਾਰੀ।
ਇਹ ਪੀਰ-ਮੁਰੀਦੀ, ਇਹ ਗੱਦੀ-ਦਾਰੀ।



Digitized by Panjab Digital Library | www.panjabdigilib.org

ਇਹ ਰੱਖਾਂ, ਟੂਣੇ, ਚਰਨਾਮ੍ਰਤ, ਜੰਤਰ ।
ਇਹ ਬਗਲ-ਸਮਾਧੀ, ਅਣ-ਸਮਝੇ ਮੰਤਰ ।

ਇਹ ਚੋਗੇ, ਜੁੱਬੇ, ਮਹਿਰਾਬਾਂ, ਟਿੱਕੇ ।
ਟਕਸਾਲ ਤੇਰੀ ਦੇ ਇਹ ਖੋਟੇ ਸਿੱਕੇ ।

ਇਸ ਮੰਡੀ ਦੇ ਅੰਦਰ, ਹੁਣ ਚਲਣੋਂ ਰਹਿ ਗਏ ।
ਤੇ ਨਕਸ਼ ਇਨ੍ਹਾਂ ਦੇ, ਹਨ ਨਿੰਮ੍ਹੇ ਪੈ ਗਏ ।

ਇਹ ਭਗਵੇ ਬਾਣੇ, ਇਹ ਧਰਮ ਖਿਲਾਰਾ ।
ਹੁਣ ਨੰਗਾ ਹੋ ਗਿਐ, ਸਭ ਪੇਟ ਪਸਾਰਾ ।

ਓਹ ਲੋਟੀ ਧਾੜਾ, ਹੁਣ ਮਚ ਨਹੀਂ ਸਕਦਾ ।
ਤੇਰਾ ਕਿਲ੍ਹਾ ਤਲਿਸਮੀ, ਹੁਣ ਬਚ ਨਹੀਂ ਸਕਦਾ ।

ਲਖ ਜ਼ੋਰ ਲਗਾ ਲੈ, ਲਖ ਕਰ ਲੈ, ਹੀਲੇ ।
ਹਨ ਖਿੰਡਣ ਵਾਲੇ, ਤੇਰੇ ਪਿੰਜਰੇ ਦੇ ਤੀਲੇ ।

ਹੁਣ ਖੰਭਾਂ ਉੱਪਰ, ਬਣ ਗਏ ਉਮੈਦੀ ।
ਹੁਣ ਉਡਣਾ ਚਾਂਹਦੇ, ਤੇਰੇ ਸਦੀਆਂ ਦੇ ਕੈਦੀ ।

ਇਹ ਹੁਣ ਨਹੀਂ ਡੁਗਦੇ, ਕਿਸੇ ਸ੍ਵਰਗ ਦੀ ਚੂਰੀ ।
ਨਹੀਂ ਗਹੁ ਕਰ ਤਕਦੇ, ਤੇਰੇ ਨਰਕ ਦੀ ਘੂਰੀ ।



Digitized by Panjab Digital Library | www.panjabdigilib.org

ਖੰਭ ਇਹਨਾਂ ਦੇ ਫਰ ਫਰ, ਜਿਹੜੇ ਫੜਕ ਰਹੇ ਨੇ।
ਦਿਲ ਇਹਨਾਂ ਤੋਂ ਤਿਰਖੇ, ਹੁਣ ਧੜਕ ਰਹੇ ਨੇ।

ਇੰਨਾਂ, ਬਦਲਾਂ ਵਲ ਹਨ, ਹੁਣ ਲਾਈਆਂ ਨੀਝਾਂ।
ਤੜਫਾਣ ਇਨ੍ਹਾਂ ਨੂੰ, ਉੱਡਣ ਦੀਆਂ ਰੀਝਾਂ।

ਤੂਫ਼ਾਨ ਦਿਲ ਵਿਚ, ਹੁਣ ਰੁਕ ਨਹੀਂ ਸਕਦੇ।
ਇਹ ਤੀਰ, ਨਿਸ਼ਾਨੇ ਤੋਂ ਉਕ ਨਹੀਂ ਸਕਦੇ।

ਇਹ ਹੋ ਗਏ ਬਾਗੀ, ਇਹ ਹੋ ਗਏ ਆਕੀ।
ਤੇ ਲੋੜ ਰਹੇ ਨੇ, ਕੋਈ ਖੁਲ੍ਹੀ ਤਾਕੀ।

ਇਹ ਘੂਰੀ ਪਾ ਪਾ, ਹਨ ਪਿੰਜਰੇ ਨੂੰ ਤਕਦੇ।
ਤੇ ਬਹੁੰ ਚਿਰ ਇਸ ਵਿਚ, ਹੁਣ ਰਹਿ ਨਹੀਂ ਸਕਦੇ।

ਤੇਰੇ ਲੰਮੇ ਸੰਗਲਾਂ, ਦੀਆਂ ਪੀਂਢੀਆਂ ਕੜੀਆਂ।
ਇਹ ਅਜ ਵੀ ਝੜੀਆਂ ਤੇ ਕਲ੍ਹ ਵੀ ਝੜੀਆਂ।

★



Digitized by Panjab Digital Library | www.panjabdigilib.org

## ਮਜ਼ਹਬ – ਬੰਦੇ ਨੂੰ

ਮ੍ਰਿਗ ਜਲੀਆਂ ਦੇ ਆਸ਼ਕ ਬੰਦੇ !

ਹੈਂ, ਏਨੀ ਬੇ-ਬਾਕੀ ?

ਆਪੇ ਢਾਲੇ ਸੰਗਲਾਂ ਕੋਲੋਂ,

ਹੋਨੈਂ ਬਾਗ਼ੀ ਆਕੀ।

ਪਿੰਜਰਾ ਬੁਣ, ਆਪੇ ਵਿਚ ਫਾਥੋਂ,

ਆਪੇ ਢੋ ਲਈ ਤਾਕੀ।

ਕਾਰੇ ਆਪਣੇ ਭੰਡੇਂ ਮੈਨੂੰ,

ਬੱਲੇ ਤੇਰੀ ਚਾਲਾਕੀ !



Digitized by Panjab Digital Library | www.panjabdigilib.org

ਮਨ ! ਤੂੰ ਜੋਤ-ਸਰੂਪ ਹੈਂ

ਆਪਣਾ ਮੂਲ ਪਛਾਣ ॥

ਸ੍ਰੀ ਗੁਰੂ ਗ੍ਰੰਥ ਸਾਹਿਬ

*

ਓ 'ਨੂਰ ਖ਼ੁਦਾਈ' ਅਖਵਾਂਦੇ ਬੰਦੇ !
ਓ 'ਜੋਤ ਇਲਾਹੀ', ਸਦਵਾਂਦੇ ਬੰਦੇ !

ਸਾਂ ਮੈਂ ਤੂੰ ਦੋਵੇਂ, ਮੁਦਤਾਂ ਦੇ ਹਾਣੀ।
ਤੇ ਸਾਂਝ ਅਸਾਡੀ, ਸੀ ਬੜੀ ਪੁਰਾਣੀ।

ਜੇ ਨਿਭ ਨਹੀਂ ਸਕਦੀ, ਸੀ ਅਜ ਕਲ੍ਹ ਯਾਰੀ।
ਮੇਰੀ ਪੱਗ ਤਾਂ ਨਾ ਲਾਂਹਦੋਂ, ਹੁਣ ਵਿਛੜਨ ਵਾਰੀ।

ਹੱਥ ਛਡਣਾ ਸੀ ਮੇਰਾ, ਤਾਂ ਹਸ ਕੇ ਛਡਦੋਂ।
ਜੇ ਸਾਥ ਨਹੀਂ ਨਿਭਦਾ, ਗਾਲ੍ਹਾਂ ਤਾਂ ਨਾ ਕਢਦੋਂ।

ਤੂੰ ਦਿਲ ਦਾ ਸਾਰਾ ਕਢ ਲਿਐ ਉਬਾਲਾ।
ਹੁਣ ਮੈਂ ਵੀ ਹਾਂ ਤੈਨੂੰ ਕੁਝ ਆਖਣ ਵਾਲਾ।



Digitized by Panjab Digital Library | www.panjabdigilib.org

ਭਾਵੇਂ ਬੁੱਢਾ ਹੋ ਗਿਆਂ, ਕੁਝ ਕਰ ਨਹੀਂ ਸਕਦਾ।
ਇਹ ਸਭ ਕੁਝ ਸੁਣਕੇ, ਪਰ ਜਰ ਨਹੀਂ ਸਕਦਾ।

ਦਿਲ ਐਸਾ ਸੜਿਐ, ਕੁਝ ਕਿਹਾ ਨਹੀਂ ਜਾਂਦਾ।
ਸਚ ਆਖੇ ਬਾਝੋਂ ਹੁਣ ਰਿਹਾ ਨਹੀਂ ਜਾਂਦਾ।

ਤੂੰ ਬਣ ਬਣ ਬੈਠੋਂ, ਅੱਜ ਬੀਬਾ ਰਾਣਾ।
ਪਰ ਨਾਲ ਮੇਰੇ ਨਹੀਂ, ਸੀ ਤੂੰ ਮੱਥਾ ਲਾਣਾ।

ਇਲਜ਼ਾਮ ਮੇਰੇ ਸਿਰ ਤੂੰ ਪਿੱਛੋਂ ਲਾਂਦੋ।
ਪਹਿਲੋਂ ਆਪਣੀ ਬੁਕਲੀ, ਵਿਚ ਝਾਤੀ ਪਾਂਦੋਂ।

ਤੈਨੂੰ ਮੁੜ ਮੁੜ ਮੇਰੇ, ਉਤੇ ਰੋਹ ਜੁ ਹੈ ਚੜ੍ਹਦਾ।
ਅਮਲਾਂ ਦੀ ਪੋਥੀ, ਆਪਣੀ ਨਹਿੰ ਪੜ੍ਹਦਾ?

ਆਪੇ ਤੂੰ ਫ਼ਸਾਦੀ, ਆਪੇ ਤੂੰ ਲੜਾਕਾ।
ਇਲਜ਼ਾਮ ਮੇਰੇ ਸਿਰ ਬੱਲੇ ਓ ਚਲਾਕਾ।

ਅਜ ਕਲ੍ਹ ਦੀ ਨੀਤੀ, ਇਹੋ ਹੈ ਸਜਣਾ?
ਜੇ ਝੂਠਾ ਹੋਣਾ, ਤਾਂ ਬਹੁਤਾ ਗਜਣਾ?

ਕਰ ਆਪ ਵਧੀਕੀ, ਨਾ ਪੱਛੋ-ਤਾਣਾ।
ਸਗੋਂ ਅੱਗੋ-ਵਾਲੀ ਹੋ ਲੈ ਦੇ ਜਾਣਾ?



Digitized by Panjab Digital Library | www.panjabdigilib.org

ਕੋਈ ਆਪਣੀ ਗਲਤੀ, ਨਾ ਬਿਲਕੁਲ ਮਨਣਾ ।
ਤੇ ਅਗਲੇ ਦੇ ਸਿਰ ਤੇ, ਚੁਕ ਭਾਂਡਾ ਭਨਣਾ ।

---

ਤੂੰ ਖ਼ੂਬ ਕੁਲਾਹਿਐ, ਰਜ ਭੰਡਿਐ ਮੈਨੂੰ ।
ਪਰ ਇਕ ਗਲ ਮੈਂ ਵੀ, ਅਜ ਪੁਛਨਾਂ ਤੈਨੂੰ ।

ਤੂੰ ਕਿਸ ਤੋਂ ਹੋਨੈਂ, ਪਿਆ ਬਾਗ਼ੀ, ਆਕੀ ?
ਮੇਰੀ ਹਸਤੀ ਕੀ ਏ ? ਤੇਰੀ ਚਤਰ-ਚਲਾਕੀ ।

ਤੇਰੀ ਜ਼ਾਤ ਨੇ ਵਖਰਾ ਜਦ ਹੋਣਾ ਚਾਹਿਆ ।
ਤੂੰ ਮੇਰਾ ਅਡਰਾ ਇਕ ਰੂਪ ਬਣਾਇਆ ।

ਤਕ ਇਕ ਨੂੰ ਹੋਂਦੀ ਵਾਹ ਅੰਨ੍ਹੀ ਖੱਟੀ ।
ਤੂੰ ਆਪ ਚਲਾ ਲਈ, ਇਕ ਵੱਖਰੀ ਹੱਟੀ ।

ਕਰ ਇਕ ਥਾਂ ਕੱਠਾ, ਕੁਝ ਰਸਮ-ਖਲੇਰਾ ।
ਕਹਿ ਲੀਤਾ ਉਸ ਨੂੰ, 'ਮਜ਼ੁਬ ਹੈ ਇਹ ਮੇਰਾ' ।

ਫਿਰ ਉਸ ਤੋਂ ਚਿੜ੍ਹ ਕੇ ਹਥ ਤੇਗ਼ਾਂ ਫੜੀਆਂ ।
ਲਾ ਦਿਤੀ ਰੌਣਕ, ਵਿਚ ਕਬਰਾਂ, ਮੜ੍ਹੀਆਂ ।

ਚਤਰਾਈ ਤੇਰੀ, ਮੈਨੂੰ ਨਹੀਂ ਘੜਿਆ ?
ਤੇ ਰਬ ਦਾ ਠੱਪਾ ਚੁਕ ਉੱਪਰ ਜੜਿਆ ?



Digitized by Panjab Digital Library | www.panjabdigilib.org

ਤੂੰ ਜੋ ਜੋ ਦਸਨੈਂ, ਪਿਆ ਮੇਰੇ ਕਾਰੇ।
ਕਰਤੂਤ ਇਹ ਅਸਲੋਂ, ਤੇਰੇ ਨਹੀਂ ਸਾਰੇ ?

---

ਇਹ ਜਾਮਾਂ ਪਾਇਆਂ, ਤੈਨੂੰ ਜੁਗੜੇ ਬੀਤੇ ।
ਅਹਿਮਾਲ ਤੂੰ ਆਪਣੇ, ਪਰ ਰਾਸ ਨਾ ਕੀਤੇ ।
ਹੈਂ ਸ਼ਕਲੋਂ ਬੇਸ਼ਕ ਇਨਸਾਨਾਂ ਵਾਂਗਰ ।
ਕਰਤੂਤ ਨੇ ਏਪਰ, ਹੈਵਾਨਾਂ ਵਾਂਗਰ ।
ਮਾਹਸੂਮ ਫ਼ਰਿਸ਼ਤਾ, ਤੁਧ ਬਣਨਾ ਚਾਹਿਆ ।
ਪਰ ਬੰਦਾ ਬਣਨਾ, ਵੀ ਨਾ ਤੈਨੂੰ ਆਇਆ ।
ਤੁਧ ਹੋਰ ਤਾਂ ਸੌ ਸੌ, ਘੜ ਧਰਿਐ ਮਸਲਾ ।
ਪਰ ਸਮਝ ਨਾ ਸਕਿਉਂ, ਇਕ ਆਪਣਾ ਅਸਲਾ ।

ਤੇਰਾ ਜੰਨਤ ਕੀ ਏ ? ਤੇਰੀ ਹਿਰਸ ਦਾ ਨਕਸ਼ਾ ।
ਤੇਰਾ ਦੋਜ਼ਖ਼ ਕੀ ਏ ? ਤੇਰੇ ਸਹਿਮ ਦਾ ਹਊਆ ।
ਇਸ 'ਆਪ-ਬਣਾਇ-ਹਊਏ' ਤੋਂ ਡਰਨੈਂ ?
ਤੇ ਕੰਬਦਾ ਕੰਬਦਾ; ਪਿਆ ਸਜਦੇ ਕਰਨੈਂ ?
ਜਦ ਉੱਦਮ ਹੀਲੇ, ਕਰਦਾ ਥਕ ਪੈਨੈਂ ।
ਤਕਦੀਰ ਦਾ ਠੂੰਮ੍ਹਣਾ, ਦਿਲ ਨੂੰ ਦੇ ਲੈਨੈਂ ।
ਸੁਟ ਦੇਨੈਂ ਹੱਥੋਂ, ਕਲਵਤਰੀ, ਕਹੀਆਂ ।
ਛੋਹ ਬਹਿਨੈਂ ਗੱਲਾਂ ਫਿਰ ਇਹੋ ਜਹੀਆਂ ।



Digitized by Panjab Digital Library | www.panjabdigilib.org

ਨਾ ਹਿੰਮਤ ਕਰਨੈਂ, ਨਾ ਬਣਨੈਂ ਛੋਹਲਾ ।
'ਆਹਲਸ' ਨੂੰ ਦੇਨੈਂ 'ਬਖਸ਼ਸ਼' ਦਾ ਉਹਲਾ ।
ਤੂੰ ਆਪ ਭੁਲੇਖੇ ਵਿਚ ਚਾਹਨੈਂ ਰਹਿਣਾ ।
ਫਿਰ ਹੋਰ ਕਿਸੇ ਨੇ, ਤਨੂੰ ਕੀ ਹੈ ਕਹਿਣਾ ?
ਸੁੱਤੇ ਨੂੰ ਤਾਂ ਕੋਈ ਬਾਂਹ ਪਕੜ ਉਠਾਇ ।
ਜਿਹੜਾ ਮਚਲਾ ਹੋ ਬਹੇ, ਉਹਨੂੰ ਕੌਣ ਜਗਾਇ ?

---

ਇਕ ਰੋਟੀ ਦੇ ਕੇ, ਇਕ ਪੈਸਾ ਧਰ ਕੇ ।
ਅਰਦਾਸ ਸੁਣਾ ਕੇ, ਇਕ ਸਜਦਾ ਕਰ ਕੇ ।
ਕੁਝ ਸ਼ਿਰਨੀ ਦੇ ਕੇ, ਕੁਝ ਕਢ ਕੇ ਨਜ਼ਾਜ਼ਾਂ ।
ਕੁਝ ਰੋਜ਼ੇ ਰਖ ਕੇ, ਪੜ੍ਹ ਪੰਜ ਨਿਮਾਜ਼ਾਂ ।
ਦੋ ਫੁਲ ਚੜ੍ਹਾ ਕੇ, ਇਕ ਪਾਠ ਰਖਾ ਕੇ ।
ਇਕ ਬਾਂਗ ਸੁਣਾ ਕੇ, ਕੁਝ ਨਾਹਤਾਂ ਗਾ ਕੇ ।
ਤੂੰ ਪੁਤਰ, ਨੂੰਹਾਂ ਤੇ ਦੌਲਤ ਮੰਗਨੈਂ ।
ਤੂੰ ਹੂਰਾਂ ਜ਼ਮ ਜ਼ਮ ਤੇ ਜੰਨਤ ਮੰਗਨੈਂ ।
ਤੂੰ ਵਹੁਟੀ ਚਾਹਨੈਂ, ਤੂੰ ਇੱਜ਼ਤ ਚਾਹਨੈਂ ।
ਤੂੰ ਬੰਗਲੇ ਮੰਗਨੈਂ, ਤੂੰ ਸੇਹਤ ਚਾਹਨੈਂ ।
ਮੰਗ ਲੈਂਨੈਂ ਖੱਟੀ, ਵਿਉਪਾਰ 'ਚ ਵਾਧਾ ।
ਸੁਖ ਅਗਲੀ ਪਿਛਲੀ, ਪਰਵਾਰ 'ਚ ਵਾਧਾ ।



Digitized by Panjab Digital Library | www.panjabdigilib.org

ਦਾਹਵੇ ਵਿਚ ਡਿਗਰੀ, ਡਾਕੇ 'ਚ ਰਿਹਾਈ।
ਦਫ਼ਤਰ 'ਚ ਤਰੱਕੀ, ਝਗੜੇ 'ਚ ਸਫ਼ਾਈ।
ਪਾਪਾਂ ਉਤੇ ਪੜਦਾ, ਐਬਾਂ ਦੀ ਮੁਆਫ਼ੀ।
ਇਨਸਾਫ਼ ਤੋਂ ਮੰਗਨੈਂ, ਇਹ ਬੇ-ਇਨਸਾਫ਼ੀ।
ਦੇ ਸੜਿਆ ਛਿੱਲੜ, ਮੰਗ ਲੈਨੈਂ ਤੂਰੀ।
ਲੱਖਾਂ ਦੀਆਂ ਮੰਗਾਂ, ਧੇਲੇ ਦੀ ਮਜੂਰੀ।
ਨਾ ਹੱਥ ਹਿਲਾਣਾ, ਨਾ ਪੈਰ ਹਿਲਾਣਾ।
ਫੇਰੀ ਢਾਹ ਬਹਿਣਾ, ਤੇ ਮੰਗੀ ਜਾਣਾ।
ਜਿਉਂ ਬਨੀਆਂ ਬਣ ਕੇ, ਪਤਿਆਨੈਂ ਸਭ ਨੂੰ।
ਤੂੰ ਲੁਟਣਾ, ਚਾਹਨੈਂ ਇਕਣ ਹੀ ਰਬ ਨੂੰ?
ਉਸ ਨਾਲ ਵੀ ਕਰਨੈਂ ਵਾਧੇ ਦਾ ਲੇਖਾ?
ਇਹ ਕੀ ਹੈ ਜੇ ਨਹੀਂ ਇਕ ਭਰਮ-ਭੁਲੇਖਾ?

---

ਹੈ ਦੁਨੀਆਂ ਦੀ ਦਿਸਦੀ, ਜਿਹੜੀ ਮੰਦੀ ਹਾਲਤ।
ਦੁਖ ਦਰਦ, ਕੰਗਾਲੀ, ਭੁਖ, ਨੰਗ, ਜਹਾਲਤ।
ਇਹ ਵੈਰ, ਤਅੱਸਬ, ਇਹ ਭੇੜ, ਬਖੇੜੇ।
ਇਹ ਖ਼ੂਨ ਖ਼ਰਾਬੇ, ਇਹ ਝਗੜੇ ਝੇੜੇ।
ਇਹ ਮੰਦਰ ਮਸਜਦ, ਇਹ ਠਾਕਰ-ਦੁਆਰੇ।
ਇਹ ਪੰਡਤ, ਮੁੱਲਾਂ, ਇਹ ਭਾਈ ਸਾਰੇ।



Digitized by Panjab Digital Library | www.panjabdigilib.org

ਇਹ ਸ਼ੂਦਰ, ਬਾਹਮਣ, ਇਹ ਛੂਤਾਂ ਛਾਤਾਂ।
ਇਹ ਉੱਚਾ ਨੀਵਾਂ, ਇਹ ਜ਼ਾਤਾਂ ਪਾਤਾਂ।
ਗ੍ਰਿਹਿ, ਦਿਸ਼ਾ, ਨਛੱਤਰ, ਇਹ ਡੁਬਦੇ ਤਾਰੇ।
ਇਹ ਸ਼ਗਨ, ਮਹੂਰਤ ਇਹ ਵਹਿਮ-ਪਸਾਰੇ।

ਇਹ ਬਾਂਗਾਂ ਵਾਜੇ, ਇਹ ਵੈਰ-ਪਲੀਤੇ।
ਤੇਰੇ ਆਹਲਸ ਨੇ ਹਨ, ਸਭ ਪੈਦਾ ਕੀਤੇ।
ਤੇਰੇ ਪੈਰਾਂ ਅੰਦਰ, ਹਨ ਜਿਹੜੀਆਂ ਕੜੀਆਂ।
ਇਹ ਤੇਰੇ ਹੱਥਾਂ, ਹਨ ਆਪੇ ਘੜੀਆਂ।

ਇਹ ਰਸਮਾਂ ਰੀਤਾਂ, ਇਹ ਗੋਰਖ-ਧੰਦੇ।
ਤੁਧ ਆਪੇ ਗੁੰਦੇ, ਇਹ ਫਾਹੀਆਂ, ਫੰਦੇ।
ਤੁਧ ਆਪੇ ਪਾਈਆਂ ਇਹ ਲੀਕਾਂ, ਕਾਰਾਂ।
ਵਿਚ ਅਪੇ ਫਾਥਾ, ਕਰਨਾ ਏ ਪੁਕਾਰਾਂ।

ਖ਼ੁਦ ਪਿੰਜਰਾ ਬੁਣਨਾ, ਵਿਚ ਆਪੇ ਵੜਨਾ।
ਫਿਰ ਹੋਰ ਕਿਸੇ ਤੇ ਕਿਉਂ ਗੁੱਸਾ ਚੜ੍ਹਨਾ?
ਨਾ ਤੈਨੂੰ ਜਦ ਤਕ, ਕੁਝ ਹਿੰਮਤ ਪੈਸੀ।
ਇਹ ਗੁਦੜ ਕੂੜਾ, ਖਿੰਡਿਆ ਹੀ ਰਹਿਸੀ।
ਤੈਨੂੰ ਸੁਲਕਣ ਦੇਂਦਾ ਨਹੀਂ ਆਹਲਸ ਤੇਰਾ।
ਤੂੰ ਮੁੜ ਮੁੜ ਐਵੇਂ, ਨਾਂ ਲੈਨੈਂ ਮੇਰਾ।



Digitized by Panjab Digital Library | www.panjabdigilib.org

ਤੈਨੂੰ ਬੰਧਨ ਕੀ ਨੇ ? ਕਿਸ ਤੋਂ ਹੈਂ ਝਕਦਾ ?
ਤੂੰ ਉਡਣਾ ਚਾਹੇਂ, ਤਾਂ ਉਡ ਨਹੀਂ ਸਕਦਾ ?
ਹੈ ਕੇਹੜਾ ਪਰਬਤ, ਜਿਹੜਾ ਟਪ ਨਹਿੰ ਸਕਦਾ ?
ਹੈ ਕੇਹੜੀ ਗੁੰਝਲ, ਜਿਹੜਾ ਕਪ ਨਹਿੰ ਸਕਦਾ ?
ਤੂੰ ਤੁਰ ਨਹੀਂ ਸਕਦਾ, ਜਾਂ ਤਰ ਨਹੀਂ ਸਕਦਾ ?
ਉਹ ਕਿਹੜਾ ਹੈ ਕੰਮ ਜਿਹੜਾ ਕਰ ਨਹੀਂ ਸਕਦਾ ?
ਅਸਮਾਨ ਨੂੰ ਚਾਹੇਂ ਹਥ ਲਾ ਸਕਦਾ ਏਂ।
ਅਤੇ ਪਾਰ ਸਮੁੰਦਰਾਂ ਤੋਂ ਜਾ ਸਕਦਾ ਏਂ।
ਤੂੰ ਭੰਨ ਵੀ ਸਕਨੈਂ, ਤੂੰ ਘੜ ਵੀ ਸਕਨੈਂ ।
ਤੂੰ ਛਡ ਵੀ ਸਕਨੈਂ, ਤੂੰ ਫੜ ਵੀ ਸਕਨੈਂ ।
ਤੇਰੀ ਬਾਂਹ ਵਿਚ ਜਦ ਇਹ, ਕੁਝ ਹਿਲਜੁਲ ਤਕਸਣ ।
ਇਹ ਭਰਮ-ਭੁਲੇਖੇ, ਇਥੇ ਰਹਿ ਨਾ ਸਕਸਣ ।
ਤੂੰ ਉੱਚਾ ਕਰ ਖ਼ਾਂ, ਜੀਵਨ ਦਾ ਨਿਸ਼ਾਨਾ ।
ਪਏ ਲਭਦੇ ਨੇ ਬਦਲ; ਫਟਣ ਦਾ ਬਹਾਨਾ ।

---

ਹੈ ਬੰਦ ਤੇਰੇ ਵਿਚ, ਤੂਫ਼ਾਨੀ ਤਾਕਤ ।
ਬੇ-ਗਿਣਤ ਵਸੀਲਾ, ਬੇ-ਅੰਤ ਲਿਆਕਤ ।
ਉਠ ! ਕਢ ਦੇ ਦਿਲ ਚੋਂ, ਇਹ ਖ਼ਜਾਲ-ਨਿਰਾਸੇ ।
ਸਿਰ ਉੱਚਾ ਕਰ ਕੇ, ਤਕ ਆਸੇ-ਪਾਸੇ ।



Digitized by Panjab Digital Library | www.panjabdigilib.org

ਬੇ-ਓੜਕ ਕਾਢਾਂ, ਅਣ-ਗਿਣਤ ਕਰਸ਼ਮੇ ।
ਹਨ ਤੇਰੀ ਤਾਕਤ ਦੇ ਵਗਦੇ-ਚਸ਼ਮੇ ।
ਤੂੰ ਅੱਗੇ ਸਦੀਆਂ, ਪਲਟਾਈਆਂ ਵੀ ਨੇ ।
ਅਣ-ਹੋਈਆਂ ਕਰ ਕੇ, ਦਿਖਲਾਈਆਂ ਵੀ ਨੇ ।
ਤੂੰ ਕਾਬੂ ਪਾਇਐ, ਤੂਫ਼ਾਨਾਂ ਉੱਤੇ ।
ਤੂੰ ਉਡ ਉਡ ਚੜ੍ਹਿਐਂ, ਅਸਮਾਨਾਂ ਉੱਤੇ ।
ਤੂੰ ਰਾਹ ਦਰਿਆਵਾਂ, ਦੇ ਮੋੜ ਲਏ ਨੇ ।
ਪੌਲਾਂ ਦੇ ਰਸਤੇ ਵੀ ਲੋੜ ਲਏ ਨੇ ।

---

ਜੇ ਮੈਥੋਂ ਤੇਰਾ ਕੁਝ ਸਰ ਨਹੀਂ ਸਕਿਆ ।
ਤੈਨੂੰ ਕੁਝ ਵੀ ਚੰਗਿਆਂ,ਜੇ ਮੈਂ ਕਰ ਨਹੀਂ ਸਕਿਆ ।
ਬਦਲ ਨਹੀਂ ਸਕਿਆ, ਜ਼ਹਿਨੀਅਤ ਤੇਰੀ ।
ਘਟ ਕਰ ਨਹੀਂ ਸਕਿਆ, ਕੁਝ ਵਹਿਸ਼ਤ ਤੇਰੀ ।
ਤੂੰ ਜੀਵਨ-ਰਸਤਾ, ਆਪਣਾ ਬਦਲਾ ਲੈ ।
ਛਡ ਲੀਹ ਪੁਰਾਣੀ, ਰਾਹ ਨਵਾਂ ਬਣਾ ਲੈ ।
ਜੋ ਅਗਲੇ ਸਿੱਕੇ ਹਨ ਚਾਲੀ ਸੰਨੇ ।
ਤੂੰ ਛਾਂਟੀ ਕਰ ਕੇ, ਲਾ ਹੰਨੇ-ਬੰਨੇ ।
ਤੂੰ ਨਾ ਕਰ ਸਜਦੇ, ਤੂੰ ਨਾ ਲਾ ਟਿੱਕੇ ।
ਤੇ ਛਡ ਦੇ ਮੇਰੇ ਸਭ ਘਸੀਅਲ ਸਿੱਕੇ ।



Digitized by Panjab Digital Library | www.panjabdigilib.org

ਇਖ਼ਲਾਕ ਦੀ ਆਪਣੀ ਟਕਸਾਲ ਬਣਾ ਲੈ ।
ਤੇ ਅਸਲੀ ਮੋਹਰਾਂ ਹੁਣ ਆਪ ਚਲਾ ਲੈ ।

ਬਦਲਾ ਦੇ ਸਾਰੇ, ਆਦਰਸ਼ ਪੁਰਾਣੇ ।
ਇਹ ਕੂੜਾ ਕੁਰਕਟ ਨਾ ਕਿਸੇ ਟਿਕਾਣੇ ।

ਤੂੰ 'ਗ਼ਰਜ਼' ਦੇ ਮੱਥੇ ਉਤੋਂ ਟਿੱਕੇ ਲਾਹ ਦੇ।
'ਪਾਖੰਡ' ਦੇ ਹਥੋਂ ਮਾਲਾ ਸੁਟਵਾ ਦੇ।

ਲਾਹ ਧਰਮ ਦਾ ਬੁਰਕਾ, ਹੁਣ ਲਾਂਭੇ ਧਰ ਦੇ।
'ਸਵਾਰਥ ਦੀ ਗੰਗਾੜ', ਹੁਣ ਨੰਗੀ ਕਰ ਦੇ।

ਆਹਲਸ ਨੂੰ ਸਿਖਾ ਦੇ ਹਡ ਪੈਰ ਹਿਲਾਣਾ।
ਨਾ-ਮੁਮਕਿਨ ਕਰ ਦੇ, ਮੰਗ ਪਿਨ ਕੇ ਖਾਣਾ।

ਨਾ ਵਿਹਲੜ ਕੋਈ ਰਜ ਖਾਂਦਾ ਦਿੱਸੇ।
ਭੌਂ ਪੁਟਦਾ ਦਿੱਸੇ, ਹਲ ਵਾਂਹਦਾ ਦਿੱਸੇ।

ਪਾਖੰਡ ਦਾ ਡੇਰਾ, ਹੁਣ ਚੁਕਿਆ ਜਾਵੇ।
ਹਰ ਖੋਟਾ ਸਿੱਕਾ, ਫੜ ਟੁਕਿਆ ਜਾਵੇ।

ਸਚਿਆਈ ਡਰਦੀ, ਨਾ ਲੁਕ ਲੁਕ ਬੈਠੇ।
ਅਨਿਆਂ ਦੇ ਅੱਗੇ, ਨਾ ਝੁਕ ਝੁਕ ਬੈਠੇ।

ਏਥੇ ਢੂੰਡੀ ਢੂੰਡੀ ਨਾ ਫਿਟੇ ਮਕਾਰੀ।
ਨਾ ਡਾਂਗਾਂ ਤਕ ਤਕ ਸਹਿਮੇ ਖ਼ੁਦ-ਦਾਰੀ।



Digitized by Panjab Digital Library | www.panjabdigilib.org

ਇਖ਼ਲਾਕ ਦੀ ਕੀਮਤ, ਬਦਲਾਈ ਜਾਵੇ।
ਨਾ ਫੋਕੀ ਡੂੰਹ ਡੂੰਹ, ਵਡਿਆਈ ਜਾਵੇ।
ਜਿਥੇ ਖੋਟਾ ਸਿੱਕਾ ਕੋਈ ਨਜ਼ਰੀ ਆਵੇ।
ਪਲ ਦੇਰ ਨਾ ਲੱਗੇ, ਝਟ ਟੁਕਿਆ ਜਾਵੇ।

---

ਜਿਨ੍ਹਾਂ ਹੱਥ ਹਿਲਾ ਕੇ, ਕੁਝ ਕਰਨਾ ਹੋਂਦੈ।
ਜਿਨ੍ਹਾਂ ਤੋੜ ਕੇ ਪਿੰਜਰਾ, ਓਹ ਧਰਨਾ ਹੋਂਦੇ।
ਉਹ ਸੀਖਾਂ ਵਲੋਂ ਨਹੀਂ ਤਕਦੇ ਰਹਿੰਦੇ।
ਮੇਰੇ ਫ਼ਤਵੇ ਕੋਲੋਂ ਨਹੀਂ ਝਕਦੇ ਰਹਿੰਦੇ।
ਉਹ ਬਹਿ ਬਹਿ ਗਲਾਂ ਨਹੀਂ ਕਰਦੇ ਰਹਿੰਦੇ।
ਨਾ ਨਰਕਾਂ ਸੁਰਗਾਂ ਤੋਂ ਡਰਦੇ ਰਹਿੰਦੇ।
ਉਹ ਡਹੁਲੇ ਛੰਡ ਕੇ, ਬਸ ਲਗ ਪੈਂਦੇ ਨੇ।
ਤੇ ਵਾਂਗ ਹਨੇਰੀ ਦੇ, ਵਗ ਪੈਂਦੇ ਨੇ।
ਉਹ ਜਦ ਤਕ ਮਨਜ਼ਲ ਤੇ ਪੁਜ ਨਹੀਂ ਪੈਂਦੇ।
ਅਧ-ਰਾਹ ਨਹੀਂ ਰੁਕਦੇ, ਉਹ ਸਾਹ ਨਹੀਂ ਲੈਂਦੇ।



Digitized by Panjab Digital Library | www.panjabdigilib.org

# ਲੋੜ ਹੈ

ਲੋੜ ਹੈ ਉਹਨਾਂ ਮੱਥਿਆਂ ਦੀ,
ਜਿਹੜੇ ਹੈਂਕੜ ਅੱਗੇ ਝੁਕੇ ਨਾ ਹੋਵਨ।
ਲੋੜ ਹੈ ਉਹਨਾਂ ਪੈਰਾਂ ਦੀ,
ਅਧਵਾਟੇ ਜਿਹੜੇ ਰੁਕੇ ਨਾ ਹੋਵਨ।
ਲੋੜ ਹੈ ਐਸੇ ਖ਼ੂਨ ਦੀ ਜਿਹੜਾ
ਨਾੜ· ਵਿਚ ਨਾ ਜੰਮਿਆ ਹੋਵੇ।
ਲੋੜ ਹੈ ਉਸ ਤੂਫ਼ਾਨ ਦੀ, ਜਿਹੜਾ
ਪਰਬਤ ਵੇਖ ਨਾ ਥੰਮ੍ਹਿਆ ਹੋਵੇ।



Digitized by Panjab Digital Library | www.panjabdigilib.org

ਚੇਤੰਨ ਹੋ ਕੇ ਜਿਊਣਾ, ਬੇ-ਗਰਜ਼ ਰਹਿਣਾ, ਤੇ
ਦੁਨੀਆਂ ਦੀ ਜਿਸ ਕਿਸੇ ਥਾਂ ਵੀ ਖੜੋਣਾ ਪਵੇ,
ਓਥੇ ਹੀ ਖਲੋ ਕੇ ਆਪਣਾ ਫ਼ਰਜ਼ ਨਿਭਾਣਾ।
ਮਾੜੇ ਰਸਤੇ ਛਡਣੇ, ਚੰਗਿਆਂ ਉੱਤੇ ਤੁਰਨਾ,
ਪਵਿੱਤਰ ਖ਼ਿਆਲਾਂ ਤੇ ਪਵਿੱਤਰ ਕੰਮਾਂ ਨੂੰ
ਆਪਣਾ ਆਦਰਸ਼ ਬਣਾਨਾ, ਕੰਮ ਆਉਣਾ,
ਹਰੇਕ ਜ਼ਿਮੇਵਾਰੀ ਨੂੰ
ਆਪਣੀ ਪੂਰੀ ਸਮਰਥਾ ਦੀ ਹਦ ਤਕ ਨਿਭਾਣਾ, ਤੇ
ਜਤਨ ਕਰਨਾ ਕਿ ਏਥੋਂ ਜਾਣ ਲਗਿਆਂ
ਅਸੀਂ ਓਦੂੰ ਚੰਗੇਰੀ ਦੁਨੀਆਂ ਛਡ ਜਾਈਏ,
ਜਿਹੋ ਜਿਹੀ ਵਿਚ ਕਿ ਅਸੀਂ ਆਏ ਸਾਂ।

ਐਨੀ ਬੇਸੈਂਟ



Digitized by Panjab Digital Library | www.panjabdigilib.org

ਲੋੜ ਨਹੀਂ ਹਿੰਦੂਆਂ ਦੀ, ਸਿੱਖਾਂ, ਮੁਸਲਮਾਨਾਂ ਦੀ।
ਚੀਨੀਆਂ ਜਾਪਨੀਆਂ ਦੀ, ਯਾ ਅਫਗਾਨਾਂ ਦੀ।
ਪੰਡਤਾਂ, ਮੁਲਾਣਿਆਂ ਦੀ, ਭਾਈਆਂ, ਗੁਰੂ-ਗਿਆਨੀਆਂ ਦੀ।
ਲੀਗੀਆਂ, ਸਭਾਈਆਂ ਦੀ, ਚੀਫੀਆਂ ਦੀਵਾਨੀਆਂ ਦੀ।

ਲੋੜ ਨਹੀਂ ਅਕਾਲ-ਸੈਨਾ, ਗੈਂਤੀ-ਦਲ, ਖ਼ਾਕਸਾਰ।
ਵੱਖਰੇ ਹਕੂਕ ਦੀਆਂ, ਰਾਖੀਆਂ ਦੇ ਠੇਕੇਦਾਰ।
ਲੋੜੀਦੇ ਨਹੀਂ, ਮਜ਼ਬਾਂ ਤੇ ਫ਼ਿਰਕਿਆਂ ਤੋਂ ਲੜਨ ਵਾਲੇ।
ਛੁਰੇ ਚਮਕਾਣ ਵਾਲੇ, ਡਾਂਗ ਸੋਟੇ ਫੜਨ ਵਾਲੇ।

ਅੱਡੇ ਭਾਈਆਂ, ਪੰਡਤਾਂ, ਮੁਲਾਣਿਆ ਦੇ ਚੜ੍ਹੇ ਹੋਇ।
ਛੂਹ ਛੂਹ ਕਰਨ ਵਾਲੇ, ਖਿੱਝੇ ਹੋਏ, ਸੜੇ ਹੋਇ।
ਪਾਠ, ਹਵਨ, ਸੰਧਿਆ, ਨਿਮਾਜ਼ਾਂ ਉਤੇ ਭੁੱਲੇ ਹੋਇ।
ਜੰਨਤੀ ਕਿਆਸਾਂ ਅਤੇ ਹੂਰਾਂ ਉਤੇ ਡੁਲ੍ਹੇ ਹੋਇ।

ਇਹੋ ਹੈਨ ਹੋਣੀਆਂ ਦੀ ਤਾਣੀ ਪਲਚਾਣ ਵਾਲੇ।
ਦੁਨੀਆਂ ਨੂੰ ਇਹੋ ਨੇ ਮੁਸੀਬਤਾਂ 'ਚ ਪਾਣ ਵਾਲੇ।



Digitized by Panjab Digital Library | www.panjabdigilib.org

ਇੰਨ੍ਹਾਂ ਕੋਲ ਏਸ ਦੀਆਂ ਮੁਸ਼ਕਲਾਂ ਦਾ ਹਲ ਨਹੀਂ।
ਬੂਟੇ ਤਾਂ ਇਹ ਸੋਹਣੇ ਨੇ ਪਰ ਇਹਨਾਂ ਨਾਲ ਫਲ ਨਹੀਂ।
ਦੁਨੀਆਂ ਨੂੰ ਲੋੜ ਹੈ *ਬੇ-ਲੇਬਲੇ ਜਵਾਨਾਂ ਦੀ।
ਨਿਰੇ ਖ਼ਾਲਸ ਬੰਦਿਆਂ, ਮਨੁੱਖਾਂ, ਇਨਸਾਨਾਂ ਦੀ।
ਜਿਹੜੇ ਹੋਣ ਫ਼ਿਰਕਿਆਂ ਦੀ ਮੈਲ ਵੱਲੋਂ ਧੋਤੇ ਹੋਇ।
ਮਾਲਾ ਵਾਂਗੂ ਸਾਂਝ ਵਾਲੀ ਲੜੀ 'ਚ ਪਰੋਤੇ ਹੋਇ।
ਵਲਗਣਾਂ ਨੂੰ ਭੰਨੀ ਜਾਣ, ਹੱਦਾਂ ਨੂੰ ਹਟਾਈ ਜਾਣ।
ਕੰਧਾਂ ਬੰਨੇ ਵੰਡੀਆਂ ਦੇ ਠਾਠਾਂ ਮਾਰ ਢਾਹੀ ਜਾਣ।
ਬਿਨਾਂ ਕਿਸੇ ਵਿਤਕਰੇ ਦੇ ਸਭ ਨੂੰ ਪਿਆਰ ਸਕਣ।
ਸਾਰਿਆਂ ਦੇ ਦਿਲਾਂ 'ਚ ਨਿਸ਼ੰਗ ਝਾਤੀ ਮਾਰ ਸਕਣ।
ਜਿਨ੍ਹਾਂ ਵਿਚ ਅੱਡਤਾ, ਵਖੇਵੇਂ ਦਾ ਨਾ ਨਾਂ ਹੋਵੇ।
ਜਿਨ੍ਹਾਂ ਦੇ ਕੁਲਾਵੇ ਵਿੱਚ, ਸਾਰਿਆਂ ਦੀ ਥਾਂ ਹੋਵੇ।
ਮਜ਼੍ਹਬੀ ਤਅਸਬਾਂ ਤੋਂ ਡਾਂਗ ਸੋਟੇ ਵੜਨ ਨਾ।
ਬੀਤੇ, ਇਤਿਹਾਸ ਤੋਂ ਭਰਾਵਾਂ ਨਾਲ ਲੜਨ ਨਾ।
ਕਿਸੇ ਦਿਆਂ ਦੁਖੜਿਆਂ ਨੂੰ ਵੇਖ ਕੇ ਨਾ ਜਰ ਸਕਣ।
ਦਿਲ ਪੇਸ਼ ਕਰ ਸਕਣ, ਜਿੰਦ ਪੇਸ਼ ਕਰ ਸਕਣ।

---

* ਬਿਨਾਂ ਕਿਸੇ ਕਿਸਮ ਦੇ ਲੇਬਲ ਦੇ (Without label of any kind)



Digitized by Panjab Digital Library | www.panjabdigilib.org

ਵੇਖ ਵਹਿੰਦੇ ਹੰਝੂਆਂ ਨੂੰ ਝਟ ਜਿਹੜੇ ਧੜਕ ਪੈਣ ।
ਦੁਖੀਆਂ ਦੇ ਫਟ ਛਾਤੀ ਜਿਨ੍ਹਾਂ ਦੀ 'ਚ ਰੜਕ ਪੈਣ ।
ਜਿਨ੍ਹਾਂ ਨੂੰ ਮੁਥਾਜੀ ਸਾਹ ਸੁਖ ਦਾ ਨਾ ਲੈਣ ਦੇਵੇ ।
ਜਿਨ੍ਹਾਂ ਨੂੰ ਗ਼ੁਲਾਮੀ ਰਾਤੀਂ ਨੀਂਦ ਵੀ ਨਾ ਪੈਣ ਦੇਵੇ ।

ਮਾਲਿਕ ਹਿਕਾਂ ਚੌੜੀਆਂ ਦੇ, ਖੁਲ੍ਹੇ ਦਿਲਾਂ ਵਾਲੇ ਹੋਣ ।
ਖਿੜੇ ਮਥੇ ਹੋਣ ਭਾਵੇਂ ਗੋਰੇ, ਭਾਵੇਂ ਕਾਲੇ ਹੋਣ ।

ਰਹਿਣ ਸਦਾ ਧੜਕਦੇ, ਉਮੈਦ, ਤਾਂਘ, ਆਸ ਨਾਲ ।
ਨਿੱਘੇ ਨਿੱਘੇ ਰਹਿਣ ਸਦਾ ਸਾਂਝ ਦੇ ਅਹਿਸਾਸ ਨਾਲ ।

ਨੇੜੇ ਨਾ ਨਿਰਾਸਤਾ, ਉਦਾਸੀਆਂ ਨੂੰ ਢੁਕਣ ਦੇਣ ।
ਦਿਲਾਂ ਨੂੰ ਨਾ ਕੰਬਣ ਦੇਣ, ਧੌਣ ਨੂੰ ਨਾ ਝੁਕਣ ਦੇਣ ।

ਫੋਕਾ ਸਾਊ-ਪੁਣਾ ਛੋਡ, ਗੁੜ੍ਹਕ ਸਕਣ, ਹੱਸ ਸਕਣ ।
ਦਿਲ ਦੀਆਂ ਸੁਣ ਸਕਣ, ਮਨ ਦੀਆਂ ਦਸ ਸਕਣ ।

ਜ਼ਿੰਦਗੀ ਦਾ ਹੱਕ ਮੰਗਣ, ਜ਼ਿੰਦਗੀ ਦਾ ਹੱਕ ਦੇਣ ।
ਹੋ ਕੇ ਅਣ-ਝੱਕ ਲੈਣ, ਹੋ ਕੇ ਅਣ-ਝੱਕ ਦੇਣ ।

ਸੱਚ, ਇਨਸਾਫ਼ ਉੱਤੋਂ ਮਰਨ ਨੂੰ ਤਿਆਰ ਹੋਣ ।
ਬੜੇ ਸ੍ਵੈ-ਮਾਨ ਵਾਲੇ, ਡਾਢੇ ਖ਼ੁਦ-ਦਾਰ ਹੋਣ ।



Digitized by Panjab Digital Library | www.panjabdigilib.org

ਰਸਮ ਦੀਆਂ ਬੇੜੀਆਂ ਨੂੰ ਧੂੜ ਵਾਂਗੂ ਝਾੜ ਛਡਣ।
ਵਹਿਮ ਦਿਆਂ ਪਰਦਿਆਂ ਨੂੰ ਪਾੜ ਛਡਣ, ਸਾੜ ਛਡਣ।

ਜਿਹੜੇ ਨਾ ਸਹਿਮਾਏ ਜਾਣ, ਦੋਜ਼ਖਾਂ ਦੇ ਸਹਿਮ ਕੋਲੋਂ।
ਹੋ ਸਕਣ ਬਾਗ਼ੀ ਹਰ ਭਰਮ ਹਰ ਵਹਿਮ ਕੋਲੋਂ।

ਜੰਨਤਾਂ ਦੇ ਲਾਰੇ ਤੇ ਨਾ ਜਿਹੜੇ ਉਕਸਾਇ ਜਾਣ।
ਚੰਗੇ-ਭਲੇ ਗਭਰੂਆਂ ਤੋਂ ਕਾਤਿਲ ਨਾ ਬਣਾਇ ਜਾਣ।

ਅੱਖੀਆਂ 'ਤੇ ਪੱਟੀ, ਨਾ ਲਕੀਰ ਦੇ ਫ਼ਕੀਰ ਹੋਣ।
ਖੁਲ੍ਹੇ ਨੈਣਾਂ ਵਾਲੇ, ਬਾ-ਦਿਮਾਗ਼ ਬਾ-ਜ਼ਮੀਰ ਹੋਣ।

ਭੁੱਲ ਨਾ ਦੁਨੀਆਂ ਦੇ ਨਾਲ ਬੇ-ਵਫ਼ਾਈ ਕਰਨ।
ਇਹਦੇ ਦੁੱਖਾਂ ਨਾਲ ਘੁਲਣ, ਜ਼ੋਰ ਅਜ਼ਮਾਈ ਕਰਨ।

ਬੰਦਿਆਂ ਤੋਂ ਵੱਖਰਾ ਨਾ ਰੱਬ ਨੂੰ ਕਿਆਸ ਕਰਨ।
'ਇਨ੍ਹਾਂ' ਨੂੰ ਦੁਖਾ ਕੇ 'ਓਹਦੀ' ਖ਼ੁਸ਼ੀ ਦੀ ਨਾ ਆਸ ਕਰਨ।

ਲਿਖੀਆਂ ਨੂੰ ਮੇਸ ਸਕਣ, ਆਪ ਨਵੀਂ ਲਿਖ ਸਕਣ।
ਸੱਭੇ ਕੰਮ ਕਰ ਸਕਣ, ਸੱਭੇ ਗੁਣ ਸਿੱਖ ਸਕਣ।

ਔਕੜਾਂ ਤੇ ਹਸ ਸਕਣ, ਸਾਰੇ ਜਫਰ ਜਾਲ ਸਕਣ।
ਝਖੜਾਂ ਮੁਸੀਬਤਾਂ ਨੂੰ ਖਿੜੇ ਮੱਥੇ ਟਾਲ ਸਕਣ।



Digitized by Panjab Digital Library | www.panjabdigilib.org

ਹ ਕੇ ਅਣ-ਝੱਕ ਵੇਖ ਸਕਣ ਆਸਮਾਨਾਂ ਵਲ ।
ਹੱਸ ਸਕਣ ਵੇਖ ਵੇਖ ਉਮੜਦੇ ਤੂਫ਼ਾਨਾਂ ਵਲ ।

ਜੰਗਲਾਂ ਨੂੰ ਚੀਰ ਸਕਣ, ਔਝੜਾਂ ਨੂੰ ਗਾਹ ਸਕਣ ।
ਰੇਤੜਾਂ ਨੂੰ ਸਿਞ ਸਕਣ, ਬੰਜਰਾਂ ਨੂੰ ਵਾਹ ਸਕਣ ।

ਉਡ ਸਕਣ, ਜਿਨ੍ਹਾਂ ਦੇ ਨਾ ਅੰਝ ਪੈਰ ਭੱਜੇ ਹੋਣ ।
ਡੋਰੇ ਤਕਦੀਰ ਦੇ ਨਾ ਪਉਂਚਿਆਂ 'ਚ ਬੱਝੇ ਹੋਣ ।

ਮਾਰ ਮਾਰ ਟੁਭੀਆਂ ਸਮੁੰਦਰਾਂ ਘਚੋਲ ਸਕਣ ।
ਗੋਂਤੀਆਂ ਦੇ ਨਾਲ ਦੁੱਕਲ ਪਰਬਤਾਂ ਦੀ ਫੋਲ ਸਕਣ ।

ਟੀਸੀਆਂ ਤੇ ਪੋਲਾਂ ਉੱਤੇ, ਜਾ ਕੇ ਝੰਡੇ ਗਡ ਸਕਣ ।
ਤਾਰਿਆਂ ਦੀ ਵਖੀ 'ਚ ਵੀ ਕੁਤ-ਕੁਤਾੜੀ ਕਢ ਸਕਣ ।

ਟੁਰ ਸਕਣ ਆਪੇ-ਚੁਣੇ-ਰਾਹਾਂ 'ਤੇ ਦਲੇਰ ਹੋ ਕੇ ।
ਜਰ ਸਕਣ ਔਕੜਾਂ ਮੁਸੀਬਤਾਂ ਨੂੰ ਸ਼ੇਰ ਹੋ ਕੇ ।

ਅੰਧ-ਵਿਸ਼ਵਾਸ ਦੇ ਜੰਜ਼ੀਰਾਂ ਨੂੰ ਮਰੋੜ ਸਕਣ ।
ਘੁਰੇ ਹਥਕੜੀ ਦੇ ਹਜੋਕਾ ਮਾਰ ਤੋੜ ਸਕਣ ।

ਰਹਿਣ ਸਿਧੇ ਤੀਰ ਤੇ ਨਿਸ਼ਾਨਿਆਂ ਤੋਂ ਉਕਣ ਨਾ ।
ਕਿਸੇ ਅਨਿਆਇ, ਕਿਸੇ ਜ਼ੁਲਮ ਅੱਗੇ ਝੁਕਣ ਨਾ ।



Digitized by Panjab Digital Library | www.panjabdigilib.org

ਵੇਖ ਸ਼ੀਸ਼ੇ ਚੰਨ ਦੇ ਚੋਂ ਮੁੱਛਾਂ ਨੂੰ ਸੰਵਾਰ ਸਕਣ ।
ਦੁਨੀਆਂ ਦੇ ਪਰੇ ਤੇ ਪਰੇਰੇ ਝਾਤੀ ਮਾਰ ਸਕਣ ।

ਕੋਈ ਦੁਖ ਕਿਸੇ ਨੂੰ ਇਕੱਲਿਆਂ ਨਾ ਸਹਿਣ ਦੇਣ ।
ਜਿਹੜੇ ਇਕ ਹੰਝੂ ਅਣ-ਪੂੰਝਿਆ ਨਾ ਢਹਿਣ ਦੇਣ ।

ਇਹਦੇ ਲਈ ਜੀ ਕੇ, ਇਹਦੀ ਧੂੜਾ ਵਿਚ ਲੁਕ ਜਾਣਾ ।
ਇਹੋ ਹੈ ਜਵਾਨੀਆਂ ਦਾ ਸੋਹਣੀ ਤਰ੍ਹਾਂ ਮੁੱਕ ਜਾਣਾ ।

★



Digitized by Panjab Digital Library | www.panjabdigilib.org

# ਤੂੰ ? ਮੇਰੀਆਂ ਅੱਖੀਆਂ ਦਾ ਨੂਰ

ਨਾ ਤੱਕਣੀ ਮੈਂ ਤਸਬੀ ਤੇਰੀ,
ਨਾ ਤੱਕਣੀ ਮੈਂ ਮਾਲਾ ।
ਨਾ ਮੈਂ ਤਕਣੇ ਹੱਜ ਨੁਮਾਜ਼ਾਂ,
ਨਾ ਮੰਦਰ, ਨਾ ਸ਼ਵਾਲਾ ।
ਬਗਲ-ਸਮਾਧਾਂ, ਭਗਵੇ ਬਾਣੇ,
ਮੁੜ ਮੁੜ ਮੈਨੂੰ ਨਾ ਦਸ ।
ਮੈਂ ਤਕਣੇ ਓ ਬੰਦਿਆ ! ਤੇਰਾ
'ਨਾਮਾ-ਅਮਲਾਂ ਵਾਲਾ ।'

*



Digitized by Panjab Digital Library | www.panjabdigilib.org

## 'ਚਾਤ੍ਰਿਕ' ਜੀ ਪਾਸੋਂ ਖਿਮਾਂ ਮੰਗਦਿਆਂ ਹੋਇਆਂ

ਪੰਜਾਬੀ ਦੇ ਪ੍ਰਸਿਧ ਕਵੀ ਲਾਲਾ ਧਨੀ ਰਾਮ ਜੀ 'ਚਾਤ੍ਰਿਕ' ਨੇ ਆਪਣੀ ਨਵੀਂ ਪੁਸਤਕ 'ਕੇਸਰ-ਕਿਆਰੀ' ਵਿਚ ਇਕ ਕਵਿਤਾ ਲਿਖੀ ਹੈ – "ਮੈਂ ਤੇਰੀਆਂ ਅੱਖਾਂ ਦਾ ਨੂਰ" ਇਸ ਕਵਿਤਾ ਵਿਚ ਬੰਦੇ ਨੇ ਰੱਬ ਨਾਲ ਆਪਣਾ ਸਬੰਧ ਦਸ ਕੇ ਮਾਣ ਕੀਤਾ ਹੈ। ਮੈਂ ਆਪਣੀ ਇਸ ਕਵਿਤਾ ਵਿਚ ਰੱਬ ਵਲੋਂ ਬੰਦੇ ਨੂੰ ਉਸ ਦੇ ਮਾਣ ਦਾ ਜਵਾਬ ਲਿਖਣ ਦਾ ਜਤਨ ਕੀਤਾ ਹੈ।

—ਅਵਾਰਾ



Digitized by Panjab Digital Library | www.panjabdigilib.org

## ਤੂੰ ? ਮੇਰੀਆਂ ਅਖੀਆਂ ਦਾ ਨੂਰ

ਅਸ਼ਕੇ ਈ ਉਇ ਚੌੜ-ਚਾਨਣਾ ! ਚੰਗਾ ਹੋਇਆ ਏਂ ਮਸ਼ਹੂਰ।
ਚਲ ! ਹੋ ਜਾ ਅਖੀਆਂ ਤੋਂ ਦੂਰ।
ਤੂੰ ? ਮੇਰੀਆਂ ਅਖੀਆਂ ਦਾ ਨੂਰ।

ਇਉਂ ਬਣਿਆ ਏ ਜੀਵਨ ਤੇਰਾ।
ਜਿਉਂ ਮਸਿਆ ਦਾ ਪਖ ਹਨੇਰਾ।
ਇਹਨਾਂ ਕਰਤੂਤਾਂ ਤੇ ਫੁਲਿਐਂ ?
ਬਣ ਬਣ ਬਹਿਨੈਂ ਮੇਰਾ ਨੂਰ ?
ਚਲ ! ਹੋ ਜਾ ਅਖੀਆਂ ਤੋਂ ਦੂਰ।

ਦਿਲ ਤੇਰੇ ਵਿਚ ਕੀਨੇ ਸਾੜੇ।
ਹੱਥੀਂ ਛਵ੍ਹੀਆਂ, ਛੁਰੇ, ਕੁਹਾੜੇ।
ਲੂੰ ਲੂੰ ਅੰਦਰ ਰਚੇ ਤਅੱਸਬ,



Digitized by Panjab Digital Library | www.panjabdigilib.org

ਅੰਦਰ ਫੁਟਿਆ ਵੈਰ-ਨਸੂਰ।
ਤੂੰ ਚੰਗਾ ਏਂ ਮੇਰਾ ਨੂਰ।

ਥਾਂ ਥਾਂ ਅੱਗਾਂ, ਸ਼ੋਰ-ਸ਼ਰਾਬੇ।
ਕਤਲ, ਲੜਾਈਆਂ, ਖ਼ੂਨ-ਖ਼ਰਾਬੇ।
ਡਾਕੇ, ਲੁਟ, ਫ਼ਸਾਦ, ਸ਼ਰਾਰਤ।
ਬਣ ਗਿਆ ਏ ਤੇਰਾ ਦਸਤੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।

ਰਸਮਾਂ ਦੇ ਵਿਚ ਕੜਿਆ ਹੋਇਆ।
ਖਪਿਆ, ਖਿਝਿਆ, ਸੜਿਆ ਹੋਇਆ।
ਵੱਟ ਦਿਲੇ ਵਿਚ, ਮੱਥੇ ਤਿਉੜੀ,
ਚਿਹਰਾ ਬੇ-ਰੌਣਕ, ਬੇ-ਨੂਰ।
ਮੈਂ ਸਦਕੇ ਓਇ! ਮੇਰੇ ਨੂਰ।

ਹੱਥ ਜੁੜੇ, ਸਿਰ ਸੁਟਿਆ ਹੋਇਆ।
ਹਿੰਮਤ ਦਾ ਲਕ ਟੁਟਿਆ ਹੋਇਆ।
ਨਰਕੋਂ ਡਰਦਾ, ਹਰ ਹਰ ਕਰਦਾ।
ਕਿਸਮਤ, ਭਾਗਾਂ ਤੋਂ ਮਜਬੂਰ।
ਤੂੰ? ਮੇਰੀਆਂ ਅਖੀਆਂ ਦਾ ਨੂਰ।



Digitized by Panjab Digital Library | www.panjabdigilib.org

ਹੋਠਾਂ ਨੂੰ ਮੁਸਕਾਣਾ ਭੁਲਿਆ।
ਖਿੜਨਾ, ਹਸਣਾ, ਗਾਣਾ ਭੁਲਿਆ।
ਛਡ ਕੇ ਰਾਹ ਪੈ ਗਿਉਂ ਕੁਰਾਹੇ,
ਭੁਲ ਗਿਉਂ ਜੀਵਨ ਦਾ ਦਸਤੂਰ।
ਤੂੰ ? ਮੇਰੀਆਂ ਅਖੀਆਂ ਦਾ ਨੂਰ।

ਤਕ ਕੇ ਵਾਜੇ, ਸੁਣ ਕੇ ਬਾਂਗਾਂ।
ਝਟ ਫੜ ਲੈਨੈਂ, ਛੁਰੀਆਂ ਡਾਂਗਾਂ।
ਬਣ ਕੇ ਮਜ਼੍ਹਬ ਦਾ ਸੌਦਾਈ,
ਭੁਲ ਜਾਨੈਂ ਸਭ ਅਕਲ-ਸ਼ਊਰ।
ਤੂੰ ! ਮੇਰੀਆਂ ਅੱਖੀਆਂ ਦਾ ਨੂਰ।

ਉੱਚੇ ਕਰ ਕਰ ਕਲ਼ਸ, ਮੁਨਾਰੇ।
ਗਲ ਪਾ ਬੈਠੋਂ ਟੰਟੇ ਸਾਰੇ।
ਮੁਕਤੀ ਦੇ ਖੋਭੇ ਵਿਚ ਫਸ ਕੇ,
ਮਨਜ਼ਿਲ ਕੋਲੋਂ ਰਹਿ ਗਿਉਂ ਦੂਰ।
ਤੂੰ ? ਮੇਰੀਆਂ ਅਖੀਆਂ ਦਾ ਨੂਰ।



Digitized by Panjab Digital Library | www.panjabdigilib.org

ਤਿਲਕ ਲਗਾ ਕੇ, ਤਸਬੀ ਫੜ ਕੇ।
ਰੋਜ਼ੇ ਰਖ ਕੇ, ਗੀਤਾ ਪੜ੍ਹ ਕੇ।
ਮਾਲਾ ਦੇ ਮਣਕੇ 'ਚੋਂ ਲਭਨੈਂ,
ਮੁਕਤੀ, ਜ਼ਮਜ਼ਮ, ਜੰਨਤ, ਹੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।

ਅਮਲੋਂ-ਸਖਣੇ ਹੱਜ ਨਿਮਾਜ਼ਾਂ।
ਵਢੀਆਂ ਵਿੱਚੋਂ, ਸੁਖ਼ਨਾਂ, ਨਜਾਜ਼ਾਂ।
ਰਿਸ਼ਵਤ ਵਿੱਚੋਂ ਪਾਠ, ਚੜ੍ਹਾਵੇ।
ਮੇਰੇ ਦਰ ਨਹੀਂਉਂ ਮਨਜ਼ੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।

ਤਸਬੀ ਖਿਝਦੀ ਮਾਲਾਂ ਕੋਲੋਂ।
ਝਟਕਾ ਚਿੜ੍ਹੇ ਹਲਾਲਾਂ ਕੋਲੋਂ।
ਵਤਨੀ ਤੇਰੀ ਅਖ ਵਿਚ ਰੜਕਣ,
ਚੰਗੇ ਲਗਦੇ ਗਾਂ ਤੇ ਸੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।



Digitized by Panjab Digital Library | www.panjabdigilib.org

ਬਣ ਕੇ ਪੰਡਤ ਤੇ ਮੁਲਵਾਣਾ,
ਧਰਮ-ਪਤਣ ਤੇ ਧਰਮ-ਮੁਹਾਣਾ।

ਪਾਰ ਕਰਨ ਦੇ ਲਾਰੇ ਲਾ ਲਾ,
ਡੋਬੀ ਜਾਨੈਂ ਭਰ ਭਰ ਪੂਰ।
ਤੂੰ? ਮੇਰੀਆਂ ਅਖੀਆਂ ਦਾ ਨੂਰ।

ਵੀਰਾਂ ਦੇ/ਦਿਲ ਤੋੜ ਰਿਹਾ ਏਂ।
ਮੈਨੂੰ ਮੰਦਰੀਂ ਲੋੜ ਰਿਹਾ ਏਂ।

ਮੈਂ ਬੈਠਾਂ 'ਬੰਦੇ ਦੇ ਦਿਲ ਵਿਚ'।
ਤੂੰ ਪਿਆ ਲਭਨੈਂ ਕਾਹਬੇ, ਤੂਰ।
ਚਲ! ਹੋ ਜਾ ਅੱਖੀਆਂ ਤੋਂ ਦੂਰ।'

ਹੈਂ! ਤੇਰੀ ਇਤਨੀ ਬੇ-ਬਾਕੀ?
ਨਾਲ ਮੇਰੇ ਵੀ ਕਰੇਂ ਚਲਾਕੀ?

ਖ਼ੂਨ ਭਰੇ ਹੱਥਾਂ ਵਿਚ ਮਿਹਰੇ,
ਲੈ ਆ ਜਾਨੈਂ ਮੇਰੇ ਹਜ਼ੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।



Digitized by Panjab Digital Library | www.panjabdigilib.org

ਇਹੋ ਜਿਹਾ ਨਾਕਾਰਾ ਬਰਦਾ।
ਕਾਸ਼! ਮੈਂ ਪੈਦਾ ਹੀ ਨਾ ਕਰਦਾ।

ਕੀ ਥੁੜ੍ਹਿਆ ਸੀ ਤੇਰੇ ਬਾਝੋਂ?
ਚੰਗਾ ਰਹਿੰਦਾ ਮੈਂ ਬੇ-ਨੂਰ।
ਚਲ! ਹੋ ਜਾ ਅਖੀਆਂ ਤੋਂ ਦੂਰ।



Digitized by Panjab Digital Library | www.panjabdigilib.org

# ਘੁੰਡ ਮੁਖੜੇ ਤੋਂ ਚਾ ਓਇ ਯਾਰ !

ਕਦੇ ਲਭਦਾ ਫਿਰਨੈਂ, ਬਹਾਰਾਂ ਦਾ ਉਹਲਾ।
ਕਦੇ ਚਸ਼ਮਿਆਂ ਤੇ ਝਲਾਰਾਂ ਦਾ ਉਹਲਾ।
ਕਦੇ ਪਾ ਬਹੇਂ, ਮੁਸਕਰਾਹਟ ਦਾ ਬੁਰਕਾ।
ਕਦੇ ਲੈਂ ਲਵੇਂ ਝਟ ਖ਼ੁਮਾਰਾਂ ਦਾ ਉਹਲਾ।
ਗੁਲਾਬਾਂ 'ਚ ਕਢਨਾ ਏਂ ਰੰਗਾਂ ਦਾ ਘੁੰਗਟ।
ਲਵੇਂ ਰਾਗ ਬਣ ਕੇ, ਸਿਤਾਰਾਂ ਦਾ ਉਹਲਾ।

ਤੂੰ ਕੀ ਲੁਕਣ-ਮੀਟੀ ਮਚਾਈ ਹੋਈ ਏ ?
ਤੇਰੇ ਦਿਲ 'ਚ ਦਸ ਕੀ ਸਮਾਈ ਹੋਈ ਏ ?



Digitized by Panjab Digital Library | www.panjabdigilib.org

ਮੈਂ ਉੱਚੇ ਮੰਦਰਾਂ ਦੇ ਜਲੌ ਵਿਚੋਂ ਰੱਬ ਨੂੰ
ਢੂੰਢ ਢੂੰਡ ਕੇ ਨਿਰਾਸ ਮੁੜ ਰਿਹਾ ਸਾਂ,
ਕਿ ਇਕ ਪਾਸਿਓਂ ਇਕ ਝੁੱਗੀ ਦਾ
ਖਿੜਕ ਸਰਕਿਆ ਤੇ ਰੱਬ ਨੇ ਮੇਰੀ
ਪਿੱਠ ਪਿੱਛੋਂ ਆ ਕੇ ਕਿਹਾ "ਝਾਤ"।

—ਅਵਾਰਾ

*

੧.

ਪਾ ਕੇ ਪਾਣੀ ਵਿੱਚ ਮਧਾਣੀ।
ਐਵੇਂ ਕਿਉਂ ਪਈ ਬਾਂਹ ਥਕਾਣੀ?
ਛਡ ਖਾਂ ਇੰਜ ਬੁਝਾਰਤ ਪਾਣੀ।
ਸਿੱਧੀ ਛੋਹ ਦੇਹ ਪ੍ਰੀਤ-ਕਹਾਣੀ।
ਮੈਨੂੰ ਇਨ੍ਹਾਂ ਵਕੀਲਾਂ ਅੱਗੇ,
ਨਾ ਚਟੀਆਂ ਭਰਵਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!



Digitized by Panjab Digital Library | www.panjabdigilib.org

੨.

ਪਾਇ ਨੀ ਜਿਹੜੇ ਵਿੱਚ ਵਿਚੋਲੇ ।
ਇਹਨਾਂ ਤੋਂ ਸੜ ਹੋ ਗਿਆਂ ਕੋਲੇ ।
ਉਪਰੋਂ ਦਿਸਦੇ ਭੋਲੇ ਭੋਲੇ ।
ਵਿੱਚੋਂ ਨੇ ਪਰ ਅੱਗ ਦੇ ਗੋਲੇ ।
ਮਿਲਣਾ ਈ ਤਾਂ ਸਿੱਧਾ ਮਿਲ,
ਮੈਨੂੰ ਇਹਨਾਂ ਵੱਸ ਨਾ ਪਾ, ਓਇ ਯਾਰ !
ਘੁੰਡ ਮੁਖੜੇ ਤੋਂ ਚਾ ਓਇ ਯਾਰ !

੩.

ਪੰਡਤ, ਭਾਈ, ਮੁੱਲਾਂ ਕਾਜ਼ੀ ।
ਕਰਦੇ ਰਹਿੰਦੇ ਹੁੱਜਤ-ਬਾਜ਼ੀ ।
ਤੂੰ ਰਾਜ਼ੀ ਤੇ ਇਹ ਨਹੀਂ ਰਾਜ਼ੀ ।
ਇਹ ਰਾਜ਼ੀ ਤੇ ਤੂੰ ਨਹੀਂ ਰਾਜ਼ੀ ।
ਮੇਲ ਦੁਹਾਂ ਦਾ ਵੇਖ ਨਹੀਂ ਸਕਦੇ,
ਇਹ ਨੀ ਬੁਰੀ ਬਲਾ, ਓਇ ਯਾਰ !
ਘੁੰਡ ਮੁਖੜੇ ਤੋਂ ਚਾ ਓਇ ਯਾਰ !



Digitized by Panjab Digital Library | www.panjabdigilib.org

## ੪.

ਪੇਟ ਇਨ੍ਹਾਂ ਦੇ ਮੋਟੇ ਮੋਟੇ ।
ਦਿਲ ਇਨ੍ਹਾਂ ਦੇ ਛੋਟੇ ਛੋਟੇ ।
ਅੰਦਰੋਂ ਬਾਹਰੋਂ ਖੋਟੇ ਖੋਟੇ ।
ਵਿੱਸਾਂ ਭਰੀਆਂ ਪੋਟੇ ਪੋਟੇ ।

ਤੈਥੋਂ ਬਹੁਤੇ ਨਾਜ਼ ਇਨ੍ਹਾਂ ਦੇ,
ਬਣ ਬਣ ਬਹਿਣ ਖ਼ੁਦਾ, ਓਇ ਯਾਰ !
ਘੁੰਡ ਮੁਖੜੇ ਤੋਂ ਚਾ ਓਇ ਯਾਰ !

## ੫.

ਵੇਖ ਇਨ੍ਹਾਂ ਨੇ ਵਾਂਗ ਮਦਾਰੀ ।
ਪੇਟ ਲਈ ਕੀ ਖ਼ੇਡ ਖਲਾਰੀ ।
ਅਸਾਂ ਦੋਹਾਂ ਵਿਚ ਕੰਧ ਉਸਾਰੀ ।
ਖ਼ੁਦ ਮਲ ਬੈਠੇ ਵਿਚਲੀ ਬਾਰੀ ।

ਇਹਨਾਂ ਨੂੰ ਇਸ ਬਾਰੀ ਵਿਚੋਂ,
ਕੰਨੋਂ ਪਗੜ ਉਠਾ ਓਇ ਯਾਰ !
ਘੁੰਡ ਮੁਖੜੇ ਤੋਂ ਚਾ ਓਇ ਯਾਰ !



Digitized by Panjab Digital Library | www.panjabdigilib.org

## ੬.

ਵਸਤੀ ਛਡ, ਕਿਉਂ ਮਲਾਂ ਉਜਾੜਾਂ ?
ਕਿਉਂ ਪਿਆ ਗਾਹਾਂ, ਥਲਾਂ ਪਹਾੜਾਂ ?
ਰੋਜ਼ੇ ਰਖ ਕਿਉਂ ਪਿੱਤਾ ਸਾੜਾਂ ?
ਬਾਂਗਾਂ ਦੇ ਕਿਉਂ ਸੰਘਾ ਪਾੜਾਂ ?
ਚਾਹ ਕੀਤੀ ਹੈ, ਮਾਂਹ ਨਹੀਂ ਪੁੱਟੇ।
ਇਹ ਹੈ ਕਿਦ੍ਹੀ ਸਜ਼ਾ, ਓਇ ਯਾਰ ?
ਘੁੰਡ ਮੁਖੜੇ ਤੋਂ ਚਾ ਓਇ ਯਾਰ !

## ੭.

56 G.
LIBRARY
A.C.C. No...

ਮੰਦਰ, ਮਸਜਿਦ, ਅੱਡੋ-ਖੋੜੇ।
ਇਹ ਤੂੰ ਰਾਹ ਵਿਚ ਕਿਉਂ ਰਖ ਛੋੜੇ ?
ਖਾ ਇਹਨਾਂ ਵਿਚ ਧੱਕੇ ਧੋੜੇ।
ਦਿਲ ਹੋਇਆ ਏ ਫੋੜੇ ਫੋੜੇ।
ਇਹਨਾਂ ਭੁਲ-ਭੁਲਾਈਆਂ ਅੰਦਰ,
ਹੋਰ ਨਾ ਹੁਣ ਭਟਕਾ, ਓਇ ਯਾਰ !
ਘੁੰਡ ਮੁਖੜੇ ਤੋਂ ਚਾ ਓਇ ਯਾਰ !



Digitized by Panjab Digital Library | www.panjabdigilib.org

੮.

ਜੇ ਨਹੀਂ ਸੀ ਤੂੰ ਮੁਖ ਦਿਖਲਾਣਾ।
ਝੂਠਾ ਲਾਰਾ ਕਿਉਂ ਸੀ ਲਾਣਾ?
ਹੁਣ ਤਾਂ ਪੈਸੀ ਘੁੰਡ ਉਠਾਣਾ।
ਦੇਖੇ ਬਾਝੋਂ ਮੈਂ ਨਹੀਂ ਜਾਣਾ।
ਚਾਹਵਾਨਾਂ ਨੂੰ ਇਉਂ ਤੜਫਾਨੈਂ?
ਇਹ ਨਹੀਂ ਤੈਨੂੰ ਰਵਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!

੯.

ਨਾ ਤੂੰ ਗੂੰਗਾ, ਨਾ ਮੈਂ ਬੋਲਾ।
ਕੀ ਕਰਨੈਂ ਅਸਾਂ ਕੋਈ ਵਿਚੋਲਾ?
ਛਡ ਦੇਵੇਂ ਜੇ ਉਹਲਾ-ਮੋਹਲਾ।
ਮਿਟ ਜਾਵੇ ਸਭ ਰੌਲਾ-ਗੌਲਾ!
ਤੇਰੀ ਮੂੰਨ-ਸਮਾਧੀ ਨੇ ਸਭ,
ਵਖ਼ਤ ਦਿਤੇ ਨੇ ਪਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!



Digitized by Panjab Digital Library | www.panjabdigilib.org

੧੦.

ਕਿਚਰਕ ਹੈ ਤੂੰ ਰੁਠਿਆਂ ਰਹਿਣਾ?
ਉਹਲੇ ਲਭਣਾ, ਲੁਕ ਲੁਕ ਬਹਿਣਾ?
ਘਾਬਰ ਕੇ ਹੁਣ ਪੈ ਗਿਐ ਕਹਿਣਾ।
ਨਖ਼ਰਾ ਬਹੁਤਾ ਮੈਂ ਨਹੀਂ ਸਹਿਣਾ।

ਸਬਰ ਮੇਰੇ ਦੀਆਂ ਥਾਹਾਂ ਨਾ ਲੈ,
ਨਾ ਹੁਣ ਹੋਰ ਅਜ਼ਮਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!

੧੧.

ਲਾ ਕੇ ਤੇਰੇ ਨਾਲ ਯਰਾਨੇ।
ਦਿਆਂ ਵਕੀਲਾਂ ਨੂੰ ਨਜ਼ਰਾਨੇ?
ਮੈਂ ਨਹੀਂ ਚਟਣੇ ਬੂਟ ਬਿਗਾਨੇ।
'ਜਹੇ ਪਿਆਰ ਦੇ ਗਏ ਜ਼ਮਾਨੇ।

ਦੋਹਾਂ ਦਿਲਾਂ ਦੀ ਧੜਕਣ ਵਿਚ ਹੁਣ,
ਤੀਜੇ ਦੀ ਨਹੀਂ ਜਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!



Digitized by Panjab Digital Library | www.panjabdigilib.org

## ੧੨.

ਹਾੜੇ ਕਰ ਅਜ਼ਮਾ ਨਾ ਮੈਨੂੰ।
ਇਉਂ ਮੱਥੇ ਰਗੜਾ ਨਾ ਮੈਨੂੰ।
ਵੱਸ ਬਿਗਾਨੇ ਪਾ ਨਾ ਮੈਨੂੰ।
ਗ਼ੈਰਾਂ ਦਰੀਂ ਰੁਲਾ ਨਾ ਮੈਨੂੰ।
ਚਾਬੀ ਵਾਲੀ ਮੋਟਰ ਵਾਂਗੂੰ,
ਇਉਂ ਨਾ ਪਿਆ ਦੁੜਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!

## ੧੩.

ਲੁਕ ਲੁਕ ਬਹੇਂ ਕਿਤਾਬਾਂ ਅੰਦਰ।
ਨਦੀਆਂ, ਸਰਾਂ, ਤਲਾਬਾਂ ਅੰਦਰ।
ਵੜ ਗਿਓਂ ਜਿਹਾ ਮਹਾਬਾਂ ਅੰਦਰ।
ਕਦੇ ਨਾ ਆਇਓਂ ਖ਼ਾਬਾਂ ਅੰਦਰ।
ਐਵੇਂ ਬਹੁਤੇ ਨਖ਼ਰੇ ਕਰ ਕਰ,
ਕਦਰ ਨਾਂ ਲਈਂ ਘਟਾ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!



Digitized by Panjab Digital Library | www.panjabdigilib.org

## ੧੪.

ਪਰ ਸਜਣ! ਨਾ ਬੁਰਾ ਮਨਾਈਂ।
ਮੈਂ ਖਿੜਦਾ ਨਹੀਂ ਹਾਈਂ-ਮਾਈਂ।
ਰੋਜ਼ ਖਿੜਾਇਆਂ, ਕਦੇ-ਕਦਾਈਂ।
ਨਿਕਲ ਪੈਂਦੀਆਂ ਅਕਸਰ ਹਾਈਂ।

ਦਬ ਦਬ ਰੱਖੀ ਹਸਰਤ ਆਖ਼ਰ,
ਹੋਠਾਂ ਤੇ ਗਈ ਆ, ਓਇ ਯਾਰ!
ਘੁੰਡ ਮੁਖੜੇ ਤੋਂ ਚਾ ਓਇ ਯਾਰ!

★



Digitized by Panjab Digital Library | www.panjabdigilib.org

# ਰੱਬ – ਗੁਰੂ ਨਾਨਕ ਨੂੰ

ਜਿਨ੍ਹਾਂ ਦੇ ਦਿਲ ਰੌਸ਼ਨ ਕੀਤੇ,
ਨਿਰਮਲ ਨੂਰੀ ਬਾਣੀ ਨਾਲ ।
ਆ ਨਾਨਕ ! ਮੈਂ ਤੈਨੂੰ ਦੱਸਾਂ,
ਉਹਨਾਂ ਹੀ ਸਿੱਖਾਂ ਦਾ ਹਾਲ ।
ਉਹੀ ਵਹਿਮ, ਭੁਲੇਖੇ ਉਹੀ,
ਵਿਛਿਆ ਉਹੀ ਇੰਦਰ-ਜਾਲ ।
ਬੀਤੇ ਨੂੰ ਘੁਟ-ਜੱਫੀਆਂ ਉਹੀ,
ਓਹੀ ਸਮਿਓਂ ਪਛੜੀ ਚਾਲ ।
ਜੇ ਨਾ ਬੁਰਾ ਮਨਾਵੇਂ, ਤੈਨੂੰ
ਇਕ ਕਉੜੀ ਜਿਹੀ ਗੱਲ ਸੁਣਾਂ ;
ਹੈ ਭਰਮਾਂ ਦਾ ਨਵਾਂ ਐਡੀਸ਼ਨ,
ਜਿਸ ਦਾ ਰਖਿਐ ਸਿੱਖੀ ਨਾਂ ।



Digitized by Panjab Digital Library | www.panjabdigilib.org

ਤੂੰ ਪੂਜਾ ਤੋਂ ਜਗ ਨੂੰ,
ਛੁਡਾਵਣ ਗਿਆ ਸੈਂ ?

ਕਿ ਆਪਣੀ ਹੀ ਪੂਜਾ
ਕਰਾਵਣ ਗਿਆ ਸੈਂ ?

ਤੂੰ ਧੌਣਾਂ ਨੂੰ ਉੱਚਿਆਂ
ਉਠਾਵਣ ਗਿਆ ਸੈਂ ?

ਕਿ ਥਾਂ ਥਾਂ ਤੇ ਮੱਥੇ
ਟਿਕਾਵਣ ਗਿਆ ਸੈਂ ?

ਇਹ ਪੱਥਰਾਂ ਨੂੰ ਪਾਣੀ ਚੜ੍ਹਾਣਾ
ਸਹੀ ਏ ?

ਜੇ ਇਹ ਬੁਤ-ਪਰੱਸਤੀ ਨਹੀਂ,
ਫੇਰ ਕੀ ਏ ?



Digitized by Panjab Digital Library | www.panjabdigilib.org

— ੧ —

ਓ ਰੋਸ਼ਨ ਮੁਨਾਰੇ ! ਮੇਰੇ ਨੂਰ ਨਾਨਕ !
ਓ, ਸੋਮੇ-ਪਿਆਰਾਂ ਦੇ ਮਸ਼ਹੂਰ ਨਾਨਕ !
ਮਨੁਖਾਂ ਦੇ ਹਿੱਤ ਨਾਲ ਭਰਪੂਰ ਨਾਨਕ !
ਮੁਹੱਬਤ ਦੀ ਮਸਤੀ 'ਚ ਮਖ਼ਮੂਰ ਨਾਨਕ !
ਤੂੰ ਕਰਦਾ ਰਿਹਾ ਏਂ ਜਿਨ੍ਹਾਂ ਦੀ ਵਕਾਲਤ।
ਆ ਤਕ ਲੈ ਜ਼ਰਾ ਉਹਨਾਂ ਸਿੱਖਾਂ ਦੀ ਹਾਲਤ।

— ੨ —

ਜਿਨ੍ਹਾਂ ਨੂੰ ਤੂੰ ਭਰਮੋਂ ਛੁਡਾਇਐ, ਇਹੋ ਨੀਂ ?
ਜਿਨ੍ਹਾਂ ਨੂੰ ਤੂੰ ਚਾਨਣ ਦਿਖਾਇਐ, ਇਹੋ ਨੀਂ ?
ਜਿਨ੍ਹਾਂ ਨੂੰ ਤੂੰ ਨੀਂਦੋਂ ਜਗਾਇਐ, ਇਹੋ ਨੀਂ ?
ਜਿਨ੍ਹਾਂ ਨੂੰ ਤੂੰ ਸਚ ਰਾਹ ਤੇ ਪਾਇਐ, ਇਹੋ ਨੀਂ ?
ਮੈਂ ਸਚ ਕਹਿਣ ਲੱਗਾਂ, ਬੁਰਾ ਨਾ ਮਨਾਈਂ।
ਤੇਰੀ ਘਾਲ ਦਿਸਦੀ ਹੈ ਜਾਂਦੀ ਅਜਾਈਂ।



Digitized by Panjab Digital Library | www.panjabdigilib.org

— ੩ —

ਤੇਰੇ ਨਾਮ-ਲੇਵਾ ਕਹਾਂਦੇ ਨੇ ਬੇ-ਸ਼ਕ ।
ਤੇ ਸ਼ਰਧਾ ਬੜੀ ਹੀ ਜਿਤਾਂਦੇ ਨੇ ਬੇ-ਸ਼ਕ ।
ਤੇਰੇ ਨਾਮ ਤੇ ਝੂਮ ਜਾਂਦੇ ਨੇ ਬੇ-ਸ਼ਕ ।
ਤੇ ਨਿਤ ਤੇਰੀ ਬਾਣੀ ਵੀ ਗਾਂਦੇ ਨੇ ਬੇ-ਸ਼ਕ ।

(ਪਰ) ਜੋ ਜੀਵਨ-ਚਿਣਗ ਮੈਂ ਤੇਰੇ ਵਿਚ ਸੀ ਪਾਈ ।
ਇਨ੍ਹਾਂ ਦੇ ਅਮਲ ਵਿਚ ਉਹ ਨਜ਼ਰੀਂ ਨਹੀਂ ਆਈ ।

— ੪ —

ਇਹ ਮੰਗਦੇ ਨੇ ਸਿਹਤ, ਸਰੋਵਰ 'ਚ ਨ੍ਹਾ ਕੇ ।
ਮੁਕੱਦਮੇ 'ਚ ਜਿਤ, ਕੁਝ ਪਤਾਸੇ ਚੜ੍ਹਾ ਕੇ ।
ਇਹ ਪੁਤ ਲੋੜਦੇ 'ਪੰਚਮੀ ਸਾਹਬ' ਜਾ ਕੇ ।
ਤੇ ਚਾਂਹਦੇ ਨੇ ਧੰਨ ਲਾਰਾ ਪਾਠਾਂ ਦਾ ਲਾ ਕੇ ।

ਨਹੀਂ ਲਭਦੇ ਕੁਦਰਤ ਚੋਂ ਕੋਈ ਵਸੀਲਾ ।
ਤੇ 'ਮੰਗਣ' ਹੀ ਜਾਤਾ ਨੇ 'ਲੈਣੇ' ਦਾ ਹੀਲਾ ।



Digitized by Panjab Digital Library | www.panjabdigilib.org

— ੫ —

ਇਕੋ ਸਰ ਦੇ ਵਿਚ ਹਰ ਕੀ ਪੌੜੀ ਬਣੀ ਹੈ ।
ਉਦ੍ਹੇ ਦੂਜੇ ਕੰਢੇ ਤੇ 'ਦੁਖ-ਭੰਜਣੀ' ਹੈ ।
ਕੋਈ ਕੰਧ ਵੀ ਨਹੀਂ ਵਿਚਾਲੇ ਬਣੀ ਹੈ ।
ਕੋਈ ਫ਼ਰਕ ਰੰਗੋਂ-ਸਵਾਦੋਂ ਨਹੀਂ ਹੈ ।

ਉਦ੍ਹਾ ਅਸਰ ਹੋਰ ਏ, ਉਦ੍ਹਾ ਅਸਰ ਹੋਰ ਏ ।
ਜੋ ਇਹ ਗਲ ਨਾ ਮੰਨੇ ਉਹ ਸਿੱਖੀ ਦਾ ਚੋਰ ਏ ।

— ੬ —

ਜਹੇ ਪੰਥ ਭਰਮਾਂ ਨੇ ਕੀਤੇ ਨੇ ਭਾਰੀ ।
ਹੈ ਭੁੱਲੀ ਇਨ੍ਹਾਂ ਨੂੰ ਅਕਾਸ਼ੀ-ਉਡਾਰੀ ।
ਪਰਾਧੀਨਤਾ ਐਸੀ ਕੀਤੀ ਨੇ ਪਜਾਰੀ ।
ਕਿ ਠੁੱਡੇ ਬਿਗਾਨੇ ਵੀ ਜਾਂਦੇ ਸਹਾਰੀ ।

ਗ਼ੁਲਾਮੀ ਦੀ ਜ਼ੰਜੀਰ ਪੋਂਹਦੀ ਨਹੀਂ ਨੇ ।
ਰਤਾ ਪੀੜ ਬੀਣੀ ਨੂੰ ਹੋਂਦੀ ਨਹੀਂ ਨੇ ।



Digitized by Panjab Digital Library | www.panjabdigilib.org

— ੭ —

ਦਿਲਾਂ ਵਿੱਚ ਨਸੀਬਾਂ ਤੇ ਕਲ-ਜੁਗ ਦੇ ਗਿੱਲੇ।
ਰਜ਼ਾਵਾਂ ਤੇ ਤਕਵੇ, ਤੇ ਉੱਦਮ ਦੇ ਢਿੱਲੇ।
ਇਹ ਬੱਧੇ ਹੋਇ ਕਸ ਕੇ 'ਬੀਤੇ' ਦੇ ਕਿੱਲੇ।
ਗਏ ਲੰਘ ਜ਼ਮਾਨੇ, ਇਹ ਥਾਂ ਤੋਂ ਨਾ ਹਿੱਲੇ।

ਇਹ ਜੀਵਨ ਨੂੰ ਸਮਝਣ ਤੋਂ ਕਤਰਾ ਰਹੇ ਨੇ।
ਸਮੇਂ ਸਾਮਣੇ ਹੋਣੋਂ ਘਬਰਾ ਰਹੇ ਨੇ।

— ੮ —

ਸਮੇਂ ਦੀ ਹਵਾਵਾਂ ਨੂੰ ਪਿਠ ਦੇ ਕੇ ਬਹਿਣ।
ਸਦਾ ਰੋਸ਼ਨੀ ਨਾਲ ਰੁੱਠੇ ਈ ਰਹਿਣਾ।
ਹਨੇਰੇ ਵਿਰੁਧ ਕੁਝ ਕਿਸੇ ਨੇ ਜੇ ਕਹਿਣਾ।
ਉਦ੍ਹੇ ਸਿਰ ਤੇ ਔਖਾ ਹੈ ਪਗੜੀ ਦਾ ਰਹਿਣਾ।

ਮੇਰੇ ਤੇਰੇ ਨਾਂ ਤੇ ਇਹ ਕੀ ਹੋ ਰਿਹਾ ਏ ?
ਕਿਹਾ ਸੀ ਜੋ ਤੂੰ ਇਹ ਓਹੀ ਹੋ ਰਿਹਾ ਏ ?



Digitized by Panjab Digital Library | www.panjabdigilib.org

— ੯ —

ਜੇ ਵਹਿਮਾਂ ਦੇ ਸੰਗਲ ਤੂੰ ਟਿਲ ਲਾ ਕੇ ਤੋੜੇ।
ਇਨ੍ਹਾਂ ਫਿਰ ਉਹ ਇਕ ਘੁਰਾ ਲਭ ਕੇ ਜੋੜੇ।
ਜੇ ਸਚ ਕਹਿ ਕੇ ਇਹਨਾਂ ਨੂੰ ਵਹਿਮਾਂ ਤੋਂ ਹੋੜੇ।
ਉਨ੍ਹਾਂ 'ਨਾਸਤਕ' ਕਹਿ ਕੇ ਮਾਰਨ ਤਨੋੜੇ।

ਹੈ ਦਾਹਵਾ ਤਾਂ ਇਹ ਕਿ 'ਹਾਂ ਸਚ ਦੇ ਉਪਾਸ਼ਕ'।
ਅਸਲ ਵਿਚ ਨੇ ਪਰ ਸ੍ਵੈ-ਭੁਲੇਖੇ ਦੇ ਆਸ਼ਕ।

— ੧੦ —

ਜੇ ਨਿਸਫਲ ਨੇ ਬਾਹਮਣ ਨੂੰ ਹੰਦੇ ਖਵਾਣੇ।
ਤਾਂ ਕਿਸ ਕੰਮ ਨੇ ਭਾਈਆਂ ਨੂੰ ਪੂੜੇ ਛਕਾਣੇ ?
ਜੇ ਉੱਦਮ ਸ਼ਰਾਧਾਂ ਦੇ ਐਵੇਂ ਨੇ ਜਾਣੇ।
ਤਾਂ ਕਾਹਨੂੰ ਨੇ ਮੋਇਆਂ ਦੇ ਨਾਂ ਭੋਗ ਪਾਣੇ।

ਜੇ ਆਪਣੇ ਹੀ ਅਮਲਾਂ ਤੇ ਹੋਣੈਂ ਨਬੇੜਾ।
ਤਾਂ ਮਗਰੋਂ-ਧਰੇ ਪਾਠ ਦਾ ਫਲ ਹੈ ਕਿਹੜਾ।



Digitized by Panjab Digital Library | www.panjabdigilib.org

— ੧੧ —

ਤੂੰ ਤਕ ਤਾਂ ਸਹੀ ਜਾ ਕੇ ਅਜ ਗੁਰਦਵਾਰੇ।
ਪਾਖੰਡ ਉਥੇ ਕੀ ਕੀ ਨੇ 'ਗਰਜ਼ਾਂ' ਖਿਲਾਰੇ।
ਵਿਆਹ, ਧਨ ਦੇ ਲਾਲਚ, ਉਲਾਦਾਂ ਦੇ ਲਾਰੇ।
ਸ੍ਵਰਗ, ਮੁਕਤੀਆਂ, ਹੋਰ ਲੱਖਾਂ ਪਸਾਰੇ।

ਫ਼ਰਕ ਸਿਰਫ਼ ਇਤਨਾ ਹੀ ਦੇਂਦੈ ਦਿਖਾਈ।
ਕਿ ਬਾਹਮਣ ਦੀ ਗੱਦੀ ਤੇ ਬੈਠਾ ਹੈ ਭਾਈ।

— ੧੨ —

ਉਹੀ ਧੂਫ਼, ਜੋਤਾਂ, ਸ਼ਗਨ-ਸਾਰ ਉਹੀ।
ਉਹੀ ਮਸਿਆ, ਪੁਨਿਆ, ਦੇ ਤਿਉਹਾਰ ਉਹੀ।
ਉਹ ਕਿਰਿਆ, ਵਰ੍ਹੀਣੇ, ਤੇ ਦਿਨ ਵਾਰ ਉਹੀ।
ਦਿਮਾਗ਼ਾਂ ਤੇ ਜੂਨਾਂ ਦਾ ਵੀ ਭਾਰ ਉਹੀ।

ਕਲੀ ਹੋ ਕੇ ਵਿਕਦੇ ਪੁਰਾਣੇ ਹੀ ਭਾਂਡੇ।
ਬਣੇ ਭਾਈ ਉਹੀ ਬਰਾਹਮਣ ਤੇ ਪਾਂਡੇ।



Digitized by Panjab Digital Library | www.panjabdigilib.org

— ੧੩ —

ਇਹ ਕੰਧਾਂ ਨੂੰ ਮੁਠੀਆਂ, ਇਹ ਸਿਹਰੇ ਚੜ੍ਹਾਣੇ !
ਰੁਮਾਲਾਂ ਨੂੰ ਗੋਟੇ ਤੇ ਸਿਲਮੇ ਲਵਾਣੇ।
ਇਹ ਜੋਤਾਂ ਬਣਾ, ਘਿਉ ਦੇ ਦੀਵੇ ਜਗਾਣੇ।
ਇਹ ਸੁਖਨਾਂ, ਇਹ ਭੇਟਾਂ, ਇਹ ਸੋਨੇ ਚੜ੍ਹਾਣੇ।

ਤੇਰੀ ਘਾਲਣਾ ਦਾ ਜੇ ਮਕਸਦ ਇਹੀ ਸੀ।
ਤਾਂ ਚਾਲੂ-ਪਖੰਡਾਂ ਦੇ ਵਿਚ ਮਾੜ ਕੀ ਸੀ ?

— ੧੪ —

ਕਰਾਮਾਤ ਨੂੰ ਤੇਰੇ ਨਾਂ ਨਾਲ ਲਾ ਕੇ।
ਲਹੂ ਦੁਧ ਚੁਆ ਕੇ ਤੇ ਮੱਕਾ ਭੰਵਾ ਕੇ।
ਖੜਾਵਾਂ ਉਡਾ ਕੇ, ਪਹਾੜੀ ਰੁਕਾ ਕੇ।
ਤੇ ਕਿਕਰਾਂ ਦੇ ਉੱਤੋਂ ਮਿਠਾਈਆਂ ਸੁਟਾ ਕੇ।

ਨਹੀਂ ਸ਼ਾਨ ਤੇਰੀ ਇਹਨਾਂ ਨੇ ਤੇਰੀ ਵਧਾਈ।
ਸਗੋਂ ਤੇਰੇ ਉੱਤੇ ਹੈ ਦੁਨੀਆਂ ਹਸਾਈ।



Digitized by Panjab Digital Library | www.panjabdigilib.org

— ੧੫ —

ਜੇ ਆਦਰਸ਼ ਤੇਰਾ ਬਣਾਂਦੇ ਨਿਸ਼ਾਨਾ ।
ਤਾਂ ਇਹਨਾਂ ਦੇ ਨਕਸ਼ਾਂ ਤੇ ਚਲਦਾ ਜ਼ਮਾਨਾ ।
ਜੇ ਭੁਲਦੇ ਨਾ ਤੇਰਾ ਅਕਾਸ਼ੀ-ਤਰਾਨਾ ।
ਨਾ ਬਣਦੇ ਗ਼ੁਲਾਮੀ ਦਾ ਸੋਗੀ-ਫ਼ਸਾਨਾ ।

ਜੇ 'ਪੂਜਣ' ਦੀ ਥਾਂ ਇਹ ਤਨੂੰ 'ਸਮਝ ਲੈਂਦੇ' ।
ਤਾਂ ਇਹਨਾਂ ਦੇ ਪੈਰਾਂ 'ਚ ਸੰਗਲ ਨਾ ਪੈਂਦੇ ।

## ਮਹਿਮਾਨ ਨੂੰ

ਦਿਲ ਦਾ ਮਹਿਰਮ ਅਜ ਕੋਈ ਮਹਿਮਾਨ ਹੈ ।
ਅਜ ਮੇਰਾ ਘਰ, ਘਰ ਨਹੀਂ ਅਸਮਾਨ ਹੈ ।
ਨਾ ਕੋਈ ਹਸਰਤ ਹੈ ਨਾ ਅਰਮਾਨ ਹੈ ।
ਦਿਲ ਦਾ ਸ਼ਹੁ ਅਜ ਸ਼ਾਂਤ, ਬੇ-ਤੂਫ਼ਾਨ ਹੈ ।



Digitized by Panjab Digital Library | www.panjabdigilib.org

ਰਾਤ ਵਾਂਗ ਚੁਪ-ਚਾਪ,
ਅਣ-ਕੋੜ ਦਬੇ ਪੈਰੀਂ ਤੂੰ ਆ ਗਿਓਂ
ਵਸਦੇ ਸਾਵਣ ਦੇ ਸੰਘਣੇ ਪ੍ਰਛਾਂਵਿਆਂ ਵਿਚਦੀ,
ਸਾਰੇ ਵੇਖਣ ਵਾਲਿਆਂ ਨਾਲ ਦਾਅ ਖੇਡ ਕੇ।
ਅਜ ਸਵੇਰ ਨੇ ਅੱਖੀਆਂ ਮੀਟੀਆਂ ਹੋਈਆਂ ਨੇ,
ਚੜ੍ਹਦੇ ਦੀ ਸ਼ਾਂ ਸ਼ਾਂ ਕਰਦੀ ਹਵਾ ਦੇ ਉਪਰੇ-ਤਲੀ ਸਦਿਆਂ
ਤੋਂ ਅਨਗਹਿਲ ਹੋ ਕੇ,
ਤੇ ਇਕ ਮੋਟਾ ਜਿਹਾ ਘੁੰਡ ਕਢ ਲਿਆ ਹੈ ਸਦਾ ਜਾਗਦੇ
ਨੀਲੇ ਆਕਾਸ਼ ਨੇ।
ਬਨਾਂ ਨੇ ਆਪਣੇ ਗੀਤ ਬੰਦ ਕਰ ਦਿੱਤੇ ਨੇ ਤੇ ਹਰ
ਇਕ ਘਰ ਦੇ ਦਰਵਾਜ਼ੇ ਭੀੜੇ ਜਾ ਚੁਕੇ ਨੇ।
ਤੂੰ ਹੀ ਇਕ ਕਲ-ਮੁ-ਕੱਲਾ ਰਾਹੀ ਹੈਂ ਇਸ ਸੁੰਞੀ
ਗਲੀ ਵਿਚ।
ਓ ਮੇਰੇ ਮਿੱਤ੍ਰ !
ਮੇਰੇ ਸਭ ਤੋਂ ਚੰਗੇ ਮਿੱਤ੍ਰ !
ਮੇਰੇ ਘਰ ਦੇ ਸਾਰੇ ਦਰਵਾਜ਼ੇ ਖੁਲ੍ਹੇ ਨੇ;
ਕੋਲੋਂ ਲੰਘ ਨਾ ਜਾਈਂ,
ਇਕ ਸੁਫਨੇ ਵਾਂਗਰ।

—ਟੈਗੋਰ



Digitized by Panjab Digital Library | www.panjabdigilib.org

ਹੇ ਮੇਰੇ ਮਹਿਮਾਨ !
ਮਨਜ਼ਿਲ ਮਾਰ ਕੇ ਆਇਆ ਹੈਂ ਤੂੰ ।
ਕੀ ਕਹਾਂ, ਮੇਰੇ ਲਈ
ਕਿਤਨੀ ਖ਼ੁਸ਼ੀ ਲਜਾਇਆ ਹੈਂ ਤੂੰ ।

ਲੰਘ ਕੇ ਆਇਓਂ
ਕੈਰੀਆਂ ਅਖੀਆਂ ਦੀ ਸੰਘੜੀ ਵਾੜ 'ਚੋਂ ।
ਵਿਹੁਲੀਆਂ ਜੀਭਾਂ ਦੀ
ਸੀਨਾ ਸਾੜਵੀਂ ਬੂਛਾੜ 'ਚੋਂ ।

ਰੋਕ ਨਾ ਸਕਿਆ ਤਨੂੰ,
ਨਫ਼ਰਤ ਦੀਆਂ ਕਾਂਗਾਂ ਦਾ ਡਰ ।
ਤਾਹਨਿਆਂ ਦੀ ਤੇਗ਼ ਦਾ,
ਮੇਹਣੇ ਦੀਆਂ ਡਾਂਗਾਂ ਦਾ ਡਰ ।

ਘਾਟੀਆਂ ਇਹ ਔਖੀਆਂ,
ਦਿਲ ਨੂੰ ਕੰਬਾਵਣ ਵਾਲੀਆਂ ।
ਮੁਸ਼ਕਿਲਾਂ ਇਹ ਰਾਹ ਦੀਆਂ,
ਹਿੰਮਤ ਘਟਾਵਣ ਵਾਲੀਆਂ ।



Digitized by Panjab Digital Library | www.panjabdigilib.org

ਪਰ ਤੂੰ ਅਧ-ਵਾਟੇ ਨਾ ਦਮ ਛਡਿਆ,
ਇਹ ਕੰਮ ਤੇਰਾ ਹੀ ਸੀ।
ਔਕੜਾਂ ਨੂੰ ਚੀਰ ਲੰਘ ਆਇਓਂ,
ਇਹ ਕੰਮ ਤੇਰਾ ਹੀ ਸੀ।

ਅਣ-ਸਲਾਹੀ ਆਤਮਾ
ਤਕ ਕੇ ਪਿਆਰਨ ਆ ਗਿਓਂ।
ਇਕ ਕੁਲਾਹੀ ਜਿੰਦੜੀ ਤੇ
ਦਿਲ ਨਿਸਾਰਨ ਆ ਗਿਓਂ।

ਲੈ ਕੇ ਦਿਲ-ਬਰੀਆਂ, ਦਿਲਾਸੇ
ਇਕ ਇਕੱਲੇ ਦਿਲ ਲਈ।
ਰੌਣਕਾਂ ਲੈ ਕੇ
ਇਕਲ-ਵਾਂਝੀ ਮੇਰੀ ਮਹਿਫ਼ਿਲ ਲਈ।

ਘੁਰੀਆਂ ਤਿਊੜੀ ਦੀ ਵਾਦੀ
ਨੂੰ ਤੂੰ ਪਿੱਛੇ ਛੋੜਿਐ।
ਆਪਣਾ ਦਿਲ ਮੇਰੇ
ਇਕੱਲੇ-ਦਿਲ ਦੇ ਨਾਲ ਆ ਜੋੜਿਐ।



Digitized by Panjab Digital Library | www.panjabdigilib.org

ਜੋੜ ਕੇ ਅਰਮਾਨ ਮੇਰੇ
ਆਪਣੇ ਅਰਮਾਨਾਂ ਦੇ ਨਾਲ।
ਲਾ ਲਿਐ ਮੱਥਾ ਤੂੰ
ਕਾਂਗਾਂ ਨਾਲ, ਤੂਫਾਨਾਂ ਦੇ ਨਾਲ ।

ਔਝੜਾਂ ਵਿਚ ਕੂਕਦਾ
ਤੂੰ ਨਾਲ ਛਾਤੀ ਲਾ ਲਿਐ ।
ਸਾਥ ਦਾ ਅਹਿਸਾਸ ਦੇ ਕੇ,
ਤੂੰ ਮਨੂੰ ਅਪਨਾ ਲਿਐ।

ਭੀੜ ਨਾਲੋਂ ਨਿਖੜਨਾ
ਮਨਜ਼ੂਰ ਕਰ ਲੀਤਾ ਹੈ ਤੂੰ ।
ਫੜ ਕੇ ਹਥ, ਲੂੰ ਲੂੰ ਮੇਰਾ
ਮਸ਼ਕੂਰ ਕਰ ਲੀਤਾ ਹੈ ਤੂੰ ।

ਝਾਤ ਪਾ ਜਿਸ ਵਿਚ
ਕਿਸੇ ਅਖ ਨੇ ਕਦੇ ਤਕਿਆ ਨਹੀਂ।
ਕੀ ਹੈ ਉਹ ਜੀਵਨ ਜਿੰਨੂੰ
ਕੋਈ ਸਮਝ ਸਕਿਆ ਨਹੀਂ ?



Digitized by Panjab Digital Library | www.panjabdigilib.org

ਅਪਣੀ ਨਜ਼ਰਾਂ ਵਿਚ ਜੋ ਤੂੰ
ਪਰਵਾਨ ਕੀਤਾ ਹੈ ਮਨੂੰ।
ਮੈਂ ਸਮਝਦਾ ਹਾਂ
ਤੂੰ ਜੀਵਨ-ਦਾਨ ਕੀਤਾ ਹੈ ਮਨੂੰ।

ਦਿਲ ਦੀ ਇਸ ਨੱਕਾਰ-ਖ਼ਾਨੇ
ਵਿਚ ਸੁਣਾ ਸਕਿਆਂ ਤਨੂੰ
ਮਾਣ ਹੈ ਮੈਨੂੰ ਕਿ ਮੈਂ
ਆਪਣਾ ਬਣਾ ਸਕਿਆਂ ਤਨੂੰ।

ਤਿਊੜੀਆਂ ਤਕ ਤਕ ਜਦੋਂ
ਦੀਦੇ ਮੇਰੇ ਹੈਰਾਨ ਸਨ।
ਚਾਰ ਪਰਸੰਸਾ ਦੇ ਅੱਖਰ,
ਜਦ ਮੇਰਾ ਅਰਮਾਨ ਸਨ।

ਦਿਲ-ਬਰੀ, ਸਾਹਿਸ, ਦਿਲਾਸੇ
ਦੀ ਬੜੀ ਹੀ ਥੋੜ੍ਹ ਸੀ।
ਤੂੰ ਆ ਮਿਲਿਆ ਏਂ ਜਦੋਂ
ਪਿਆਰਾਂ ਦੀ ਡਾਢੀ ਲੋੜ ਸੀ।



Digitized by Panjab Digital Library | www.panjabdigilib.org

ਸਦਕਿਆਂ ਸਾਹਿਸ ਤੇਰਾ,
ਕੁਰਬਾਨ, ਇਹ ਜੁਰਅਤ ਤੇਰੀ ।
ਆਫ਼ਰੀਨ, ਇਹ ਹੌਂਸਲਾ,
ਇਹ ਦਿਲ ਤੇਰਾ, ਹਿੰਮਤ ਤੇਰੀ ।

ਕੀ ਹੈ ਦੁਨੀਆਂ ਨੇ ਜੇ ਕਸ ਕਸ,
ਤੀਰ ਮਾਰੇ ਨੇ ਮਨੂੰ ।
ਮੂੰਹ ਤੇ ਜੰਦਰੇ, ਪੈਰ ਵਿਚ
ਜ਼ੰਜੀਰ ਮਾਰੇ ਨੇ ਮਨੂੰ ।

ਮੇਰੀ ਦਿਲ-ਕਹਿਣੀ ਨੂੰ ਬਿਲਕੁਲ
ਮਾਫ਼ ਇਸ ਕੀਤਾ ਨਹੀਂ ।
ਸੁਣ ਕੇ ਮੈਨੂੰ, ਮੇਰੇ ਨਾਲ
ਇਨਸਾਫ਼ ਇਸ ਕੀਤਾ ਨਹੀਂ ।

ਹੋਰ ਮੈਂ ਕਹਿੰਦਾ ਰਿਹਾਂ,
ਕੁਝ ਹੋਰ ਜਾਤਾ ਹੈ ਇੰਨ੍ਹੇ ।
ਮੈਨੂੰ ਪਹਿਰੇਦਾਰ ਦੀ ਥਾਂ
ਚੋਰ ਜਾਤਾ ਹੈ ਇੰਨ੍ਹੇ ।



Digitized by Panjab Digital Library | www.panjabdigilib.org

ਘੂਰੀਆਂ ਪਾ ਪਾ ਕੇ
ਬੇ-ਆਰਾਮ ਕਰ ਛਡਿਆ ਹੈ ਇਸ।
ਕੋਸਿਆ ਰਜ ਰਜ ਕੇ ਤੇ
ਬਦਨਾਮ ਕਰ ਛਡਿਆ ਹੈ ਇਸ।

ਸ਼ਕ ਨਹੀਂ, ਇਸ ਦੇ ਕਲੇਜੇ ਦੀ
ਜਗ੍ਹਾ ਇਕ ਸਿਲ ਵੀ ਹੈ।
ਪਰ ਕਿਸੇ ਨੁੱਕਰ 'ਚ ਨਿੱਘਾ
ਤੇਰੇ ਵਰਗਾ ਦਿਲ ਵੀ ਹੈ।

ਮੈਂ ਜਿਹਾ ਹਾਂ, ਜੇ ਤੇਰੀ
ਨਜ਼ਰਾਂ ਦੇ ਵਿਚ ਮਨਜ਼ੂਰ ਹਾਂ।
ਜਿਸ 'ਚ ਤੂੰ ਵਸਨਾਂ ਏਂ
ਉਸ ਦੁਨੀਆਂ ਦਾ ਮੈਂ ਮਸ਼ਕੂਰ ਹਾਂ।

ਜੋਤ ਤੇਰੇ ਦਿਲ 'ਚ ਜਿਹੜੀ
ਸਾਂਝ ਦੀ ਹੈ ਜਗ ਰਹੀ।
ਇਸ ਦੀ ਲੋਅ ਵਿਚ ਹੀ ਮਨੂੰ
ਦੁਨੀਆਂ ਹੈ ਰੌਸ਼ਨ ਲਗ ਰਹੀ।



Digitized by Panjab Digital Library | www.panjabdigilib.org

ਤੇਰੇ ਦਿਲ ਵਿਚ ਮੇਰੀ ਹਮਦਰਦੀ ਦਾ
ਜਦ ਤਕ ਨਾਂ ਵੀ ਹੈ।
ਮੇਰੇ ਦਿਲ ਵਿਚ ਇਹਦੇ ਤੀਰਾਂ ਦੀ
ਕਦਰ ਵੀ ਥਾਂ ਵੀ ਹੈ।

ਇਸ ਦੇ ਲਾਇ ਹਰ ਜ਼ਖ਼ਮ ਦੀ
ਟੀਸ ਜਰ ਸਕਦਾ ਹਾਂ ਮੈਂ ।
ਤੇਰੀਆਂ ਅੱਖੀਆਂ 'ਚ ਤਕਦਾ,
ਹੱਸ ਕੇ ਮਰ ਸਕਦਾ ਹਾਂ ਮੈਂ।

ਜੀਭ ਤੇ ਸ਼ਿਕਵਾ ਨਹੀਂ,
ਹੋਠਾਂ ਤੇ ਕੋਈ ਆਹ ਨਹੀਂ ।
ਤੇਰੇ ਨਾਲ ਹੁੰਦਿਆਂ ਮਨੂੰ
ਚਿੰਤਾ ਨਹੀਂ, ਪਰਵਾਹ ਨਹੀਂ।

ਕਿਤਨਾ ਚਾਅ ਹੈ ਤੂੰ ਮੇਰੇ
ਮਹਿਮਾਨ! ਮੇਰੇ ਵਾਸਤੇ ?
ਆਵਣਾ ਤੇਰਾ ਹੈ
ਕਿਤਨਾ ਮਾਨ ਮੇਰੇ ਵਾਸਤੇ ?



Digitized by Panjab Digital Library | www.panjabdigilib.org

ਆ ! ਤੇਰੇ ਪੈਰਾਂ ਦਾ ਗਰਦਾ,
ਨਾਲ ਹੰਝੂਆਂ ਧੋ ਦਿਆਂ ।
ਤੈਨੂੰ ਅੱਖੀਆਂ ਵਿਚ ਬਿਠਾ,
ਛਪਰਾਂ ਦੇ ਬੂਹੇ ਢੋ ਦਿਆਂ ।

ਆਪਣੇ ਦਾਮਨ ਵਿਚ
ਤੇਰੇ ਮੁੜ੍ਹਕੇ ਦੇ ਕਤਰੇ ਧਰ ਲਵਾਂ ।
ਦਿਲ ਚੋਂ ਕਢ ਦੁਨੀਆਂ ਦੇ ਸ਼ਿਕਵੇ
ਪਜਾਰ ਤੇਰਾ ਭਰ ਲਵਾਂ ।

ਤੈਨੂੰ ਛੁਟਿਆਣਾ ਹੈ
ਇਉਂ ਕਹਿ ਕੇ ਕਿ ਤੂੰ ਮਹਿਮਾਨ ਹੈਂ ।
ਜਦ ਕਿ ਤੂੰ ਧੜਕਣ ਮੇਰੇ ਦਿਲ ਦੀ ਏਂ,
ਮੇਰੀ ਜਾਨ ਹੈਂ ।

ਏਥੇ ਤੂੰ ਦੁਖਦਾ ਨਹੀਂ
ਅਖੀਆਂ ਤੇ ਵੀ ਚਾਇਆਂ, ਤੂੰ ਆ ।
ਮੇਰੀ ਕੁਟੀਆ ਘਰ ਤੇਰਾ ਆਪਣਾ ਹੈ,
ਜੀ ਆਇਆਂ, ਤੂੰ ਆ ।

★



Digitized by Panjab Digital Library | www.panjabdigilib.org

# ਮੁੱਲਾਂ ਤੇ ਅੱਲਾ

ਉੱਠ ਮਨਾਂ! ਚਲ ਨਸ ਚਲ ਏਥੋਂ,
ਕਛ ਵਿਚ ਮਾਰ ਮੁਸੱਲਾ।
ਇਸ ਮਸਜਿਦ ਦਾ ਮਾਲਕ ਹੈ ਈ,
ਮੁੱਲਾਂ ਇਕ-ਇਕੱਲਾ।
ਅੱਲਾ, ਮੁੱਲਾ, ਇੱਕੋ ਥਾਵੇਂ?
ਇਹ ਗਲ ਹੈ ਅਣਹੋਣੀ।
ਜਿੱਥੋਂ ਮੁਸ਼ਕ ਮੁੱਲਾਂ ਦੀ ਆਵੇ,
ਉਥੋਂ ਨਸ ਜਾਇ ਅੱਲਾ।



Digitized by Panjab Digital Library | www.panjabdigilib.org

# ਰੰਗ-ਰਤੜੀ ਜਵਾਨੀ ਨੂੰ

ਜਵਾਨੀ ਦੇ ਜਜ਼ਬੇ ਨੂੰ 'ਬੀਤੇ' ਦੀ ਘੂਰੀ,
ਜਵਾਨੀ ਦੀ ਸੱਧਰ ਨੂੰ ਸਵਰਗਾਂ ਦਾ ਲਾਰਾ ।
ਇਦ੍ਹੀ ਤੇ ਧੜਕਣਾਂ ਬੁਢੇਪੇ ਦਾ ਕਬਜ਼ਾ,
ਇਹਦੇ ਸੁਪਨਿਆਂ ਨੂੰ ਕਿਆਸੀ ਸਹਾਰਾ ।
ਜਵਾਨੀ ਦੇ ਹੋਠਾਂ ਤੇ ਆਹਾਂ ਤੇ ਹਉਕੇ,
ਜਵਾਨੀ ਦੇ ਨੈਣਾਂ 'ਚ ਹੰਝੂਆਂ ਦੀ ਧਾਰਾ ।
ਜਵਾਨੀ ਦੇ ਪੈਰਾਂ 'ਚ ਬੇੜੀ ਤੇ ਸੰਗਲ,
ਹੈ ਦੁਨੀਆਂ ਦਾ ਸਭ ਤੋਂ ਇਹ ਸੋਗੀ-ਨਜ਼ਾਰਾ ।

*

ਹੇ ਗ਼ੁਲਾਮ ! ਅੱਖਾਂ ਖੋਹਲ ਕੇ ਵੇਖ;
ਤੇਰੇ ਪੈਰ ਆਜ਼ਾਦ ਨੇ ।
ਤੇਰੇ ਬੰਧਨ ਤੇ ਤੇਰੇ ਇਤਕਾਦ ਇੱਕੋ ਜ਼ਾਤ ਦੇ ਨੇ,
ਤੇ ਤੇਰੀਆਂ ਬੇੜੀਆਂ
ਤੇਰੇ ਡਰਾਂ ਨਾਲ ਘੜੀਆਂ ਗਈਆਂ ਨੇ ।
ਜਿੰਨੇ ਪੱਥਰ ਤੇਰੇ ਦੁਆਲੇ ਚਿਣੇ ਹੋਇ ਨੇ
ਸਿਰਫ਼ ਤੇਰੇ ਖ਼ਿਆਲਾਂ ਵਿਚੋਂ ਘੜੇ ਗਏ ਨੇ ।

ਸਵਿਨਬਰਨ



Digitized by Panjab Digital Library | www.panjabdigilib.org

ਹੇ ਰੰਗ ਰਤੜੀ ਸ਼ੋਖ਼ ਜਵਾਨੀ !
ਨਾ ਝੂਰ, ਨਾ ਝੂਰ, ਵੇਖ ਜ਼ੰਜੀਰਾਂ ।

*

— ੧ —

ਅੱਖੀਂ ਅਥਰੂ, ਚਿਹਰਾ ਸੋਗੀ ।
ਤੂੰ ਨਹੀਂ ਸੈਂ ਇਉਂ ਰੁਲਣੇ ਜੋਗੀ ।
ਤੁਰਨ ਫਿਰਨ ਦੀਆਂ,ਖਿੜ ਮਹਿਕਣ ਦੀਆਂ,
ਕਿਉਂ ਨਹੀਂ ਕਰਦੀ ਕੁਝ ਤਦਬੀਰਾਂ ?
ਹੇ ਰੰਗ ਰਤੜੀ ਸ਼ੋਖ਼ ਜਵਾਨੀ !
ਨਾ ਝੂਰ, ਨਾ ਝੂਰ, ਵੇਖ ਜ਼ੰਜੀਰਾਂ ।

— ੨ —

ਕੀ ਹੈ ਜੇ ਇਹਨਾਂ ਦੀਆਂ ਕੜੀਆਂ ।
ਡਾਢੇ ਚਤਰ ਲੁਹਾਰਾਂ ਘੜੀਆਂ ।
ਤੇਰੇ ਇਕ ਹਜੋਕੇ ਅੱਗੇ,
ਇਹ ਬਣ ਜਾਸਣ ਛਿਜੀਆਂ ਲੀਰਾਂ ।



Digitized by Panjab Digital Library | www.panjabdigilib.org

ਹ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੩ —

ਇਹਨਾਂ ਨੂੰ ਵਡਿਆਂਦੀ ਨਾ ਜਾ ।
ਸਿਰ ਤੇ ਹੋਰ ਚੜ੍ਹਾਂਦੀ ਨਾ ਜਾ ।
ਧੂਫ ਧੁਖਾ ਨਾ ਪੂਜ ਇਨ੍ਹਾਂ ਨੂੰ
ਇਹ ਜ਼ੰਜੀਰਾਂ ਨੀ, ਜ਼ੰਜੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੪ —

ਇਹਨਾਂ ਦੀ ਛਣਕਾਰ ਤੇ ਨਾ ਭੁਲ ।
ਮੁਰਗਾਂ ਦੇ ਇਕਰਾਰ ਤੇ ਨਾ ਭੁਲ ।
ਰੱਬ ਦੀ ਮੋਹਰ ਇਨ੍ਹਾਂ ਤੇ ਤਕ ਕੇ,
ਨਾ ਕਰ ਭੇਟ ਦਮਾਗ਼, ਜ਼ਮੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।



Digitized by Panjab Digital Library | www.panjabdigilib.org

— ੫ —

ਸੀਖਾਂ ਕੁਲ ਮਰੋੜ ਕੇ ਰਖ ਦੇ ।
ਸਾਰੇ ਸੰਗਲ ਤੋੜ ਕੇ ਰਖ ਦੇ ।
ਰੱਬ, ਮਜ਼ੁਬ ਦੇ ਨਾਂ ਤੇ ਨਾ ਸੁਣ,
ਕੋਈ ਦੁਹਾਈਆਂ ਜਾਂ ਤਕਰੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੬ —

ਕਿਤਨੇ ਹੀ ਦਿਲ ਧੜਕ ਧੜਕ ਕੇ ।
ਠੰਢੇ ਹੋ ਗਏ ਫੜਕ ਫੜਕ ਕੇ ।
ਸੀਖਾਂ ਪਿੱਛੇ, ਸੰਗਲਾਂ ਦੇ ਵਿੱਚ,
ਰੁਲ ਗਈਆਂ ਨੇ ਕਈ ਜ਼ਮੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੭ —

ਜਿਲ੍ਹ ਜਿਲ੍ਹ ਨਾ ਕਰ, ਉਠਕੇ ਤਣ ਜਾ ।
ਧੁਖਦੀ ਨਾ ਰਹੁ, ਭਾਂਬੜ ਬਣ ਜਾ ।



Digitized by Panjab Digital Library | www.panjabdigilib.org

ਤੇਰੀ ਅੱਖ ਦੀ ਘੂਰੀ ਤਕ ਕੇ,
ਪੰਘਰ ਜਾਸਣ ਕੁੱਲ ਜ਼ੰਜੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੮ —

ਨਾ ਢਾਹ ਢੇਰੀ ਤਕ ਤਕ ਲਾਸਾਂ ।
ਹਿੰਮਤ ਕਰ, ਜ਼ਿੰਦਾ ਰਖ ਆਸਾਂ ।
ਪਿਛਲੀਆਂ ਲਿਖੀਆਂ, ਮੇਟ ਕੇ ਹੱਥੀਂ,
ਆਪੇ ਲਿਖ ਨਵੀਆਂ ਤਕਦੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੯ —

ਛਡ ਦੇ ਬੇਸ਼ਕ ਲੀਹ ਪੁਰਾਣੀ ।
ਇਉਂ ਕੋਈ ਆਖ਼ਰ ਆ ਨਹੀਂ ਜਾਣੀ ।
ਟੱਪਣ ਦਾ ਹੱਕ ਹੈ ਵੇ ਤੈਨੂੰ,
ਹੋਵਣ ਕਿੰਨੀਆਂ ਪਾਕ ਲਕੀਰਾਂ ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।



Digitized by Panjab Digital Library | www.panjabdigilib.org

— ੧੦ —

ਐਵੇਂ ਤੈਨੂੰ ਕਹਿ ਕਹਿ ਫ਼ਾਨੀ।
ਟੋਕੀ ਤੇਰੀ ਸ਼ੋਖ਼-ਰਵਾਨੀ।
ਤੇਰੀ ਜਿੰਦੜੀ ਨੂੰ ਸਹਿਮਾਇਆ,
ਸ਼ਰਹ, ਧਰਮ ਨੇ ਲਾ ਤਾਹਜ਼ੀਰਾਂ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ!
ਨਾ ਝੁਰ, ਨਾ ਝੁਰ ਵੇਖ ਜ਼ੰਜੀਰਾਂ।

— ੧੧ —

ਕਿਸ ਨੂੰ ਮਿਲੀ ਆਜ਼ਾਦੀ ਡਰ ਕੇ।
ਜਿਸ ਲੀਤੀ, ਉਸ ਹਿੰਮਤ ਕਰ ਕੇ।
ਤੇਰੀ ਜਾਗ ਉਡੀਕ ਰਹੀਆਂ ਨੇ,
ਦੇਸ਼ ਦੀਆਂ ਸੁਤੀਆਂ ਤਕਦੀਰਾਂ।
ਹੇ ਰੰਗ ਰਤੜੀ, ਸ਼ੋਖ਼ ਜਵਾਨੀ!
ਨਾ ਝੁਰ, ਨਾ ਝੁਰ ਵੇਖ ਜ਼ੰਜੀਰਾਂ।

— ੧੨ —

ਜੇ ਤੈਨੂੰ ਨਿਕਲਣ ਦੀ ਚਾਹ ਹੈ।
ਸੀਖਾਂ ਵਿੱਚ ਦੀ ਸੌ ਸੌ ਰਾਹ ਹੈ।



Digitized by Panjab Digital Library | www.panjabdigilib.org

ਜਿਨ੍ਹਾਂ ਪਿੰਜਰੇ ਨੂੰ ਘਰ ਜਾਤਾ,
ਕੀ ਉਡ ਸਕਣੈਂ ਉਨ੍ਹਾਂ ਅਮੀਰਾਂ ?
ਹੇ ਰੰਗ ਰਤੜੀ, ਸ਼ੋਖ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੧੩ —

ਝਖੜ ਥੰਮ੍ਹ ਗਏ, ਬਦਲ ਫੱਟ ਗਏ ।
ਸਾਗਰ ਜੰਮ ਗਏ, ਪਰਬਤ ਹੱਟ ਗਏ ।
ਤੇਰੇ ਰਾਹ ਵਿਚ ਰੋਕ ਨਾ ਪਾਈ,
ਵਗਦੇ ਨੀਰਾਂ, ਵਸਦੇ ਤੀਰਾਂ ।
ਹੇ ਰੰਗ ਰਤੜੀ, ਸ਼ੋਖ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

— ੧੪ —

ਛਾਤੀ ਵਿਚ ਤੂਫ਼ਾਨ ਵੀ ਹੋਵਨ ।
ਨਜ਼ਰਾਂ ਵਿਚ ਅਸਮਾਨ ਵੀ ਹੋਵਨ ।
ਰਖ ਨਹੀਂ ਸਕਦੀਆਂ ਫੇਰ ਕਦੇ ਵੀ,
ਬੰਦੀ ਖ਼ਾਨੇ ਵਿਚ ਤਕਦੀਰਾਂ ।
ਹੇ ਰੰਗ ਰਤੜੀ, ਸ਼ੋਖ ਜਵਾਨੀ !
ਨਾ ਝੁਰ, ਨਾ ਝੁਰ, ਵੇਖ ਜ਼ੰਜੀਰਾਂ ।

★



Digitized by Panjab Digital Library | www.panjabdigilib.org

# ਪਰਦੇਸੋਂ ਆਵਣ ਵਾਲੇ ! ਦਸ

ਭਾਵੇਂ ਸੰਸਾਰ ਦਾ ਵਾਸੀ ਹਾਂ,
ਜਹਾਨ ਆਪਣਾ ਹੈ।
ਕੁਝ ਉਦੇਰਾ ਪਰ ਇਹ
ਹਿੰਦੁਸਤਾਨ ਅਪਣਾ ਹੈ।
ਸਾਂਝ ਵਖਰੀ ਹੈ ਇਦ੍ਹੀ ਮਿੱਟੀ ਦੇ
ਹਰ ਕਿਣਕੇ ਨਾਲ।
ਇਹ ਜ਼ਿਮੀਂ ਅਪਣੀ, ਇਦ੍ਹਾ
ਆਸਮਾਨ ਅਪਣਾ ਹੈ।

ਜਦੋਂ ਬੇੜੀ ਇਦ੍ਹੇ ਪੈਰਾਂ 'ਚ
ਖੜਕ ਪੈਂਦੀ ਹੈ।
ਕੋਈ ਬਿਜਲੀ ਜਹੀ ਸੀਨੇ ਤੇ
ਕੜਕ ਪੈਂਦੀ ਹੈ।



Digitized by Panjab Digital Library | www.panjabdigilib.org

ਜਿੱਥੇ ਮਨ ਨੂੰ ਕੋਈ ਤੌਖਲਾ ਨਹੀਂ, ਤੇ ਧੌਣ ਸਦਾ ਉਤਾਂਹ
ਰਖੀ ਜਾਂਦੀ ਹੈ,

ਜਿੱਥੇ ਗਿਆਨ ਸੁਤੰਤ੍ਰ ਹੈ,
ਜਿੱਥੇ ਦੁਨੀਆਂ ਭੀੜੀਆਂ ਘਰੇਲੂ ਕੰਧਾਂ ਨਾਲ ਅਜੇ ਨਿੱਕੇ
ਨਿੱਕੇ ਟੋਟਿਆਂ ਵਿਚ ਨਹੀਂ ਵੰਡੀ ਗਈ,
ਜਿੱਥੇ ਸ਼ਬਦ ਸਚਾਈ ਦੀਆਂ ਡੂੰਘਾਣਾਂ ਚੋਂ ਨਿਕਲਦੇ ਨੇ,
ਜਿੱਥੇ ਅਣ-ਥੱਕ ਹੀਲਾ, ਸੰਪੂਰਣਤਾ ਨੂੰ ਫੜਨ ਵਾਸਤੇ
ਬਾਹਾਂ ਵਧਾਈ ਰਖਦਾ ਹੈ,
ਜਿੱਥੇ ਦਲੀਲ ਦੀ ਨਿਰਮਲ ਨਦੀ ਨੇ ਆਪਣਾ ਰਾਹ
ਮੋਈਆਂ ਆਦਤਾਂ ਦੇ ਰੇਤ-ਥਲਿਆਂ ਵਿਚ
ਗੰਵਾ ਨਹੀਂ ਦਿਤਾ,
ਜਿੱਥੇ ਮਨ ਦੀ ਤੂੰ ਅਗਵਾਈ ਕਰਦਾ ਏਂ ਸਦਾ ਚੁੜੇਰੇ
ਖ਼ਿਆਲ ਤੇ ਅਮਲ ਵਿਚ,
ਆਜ਼ਾਦੀ ਦੇ ਉਸ ਸਵਰਗ ਵਿਚ, ਮੇਰੇ ਦੇਸ਼ ਨੂੰ ਜਾਗਣ ਦੇ,
ਮੇਰੇ ਪਿਤਾ !

—ਟੈਗੋਰ



Digitized by Panjab Digital Library | www.panjabdigilib.org

੧.

ਓ ਵਤਨੀ ਵੀਰਾ ! ਆਇਆ ਏਂ,
ਰਹਿ ਕੇ ਆਜ਼ਾਦ ਫ਼ਜ਼ਾਵਾਂ ਵਿਚ ।
ਬੇ-ਬੰਧਨ, ਜੀਉਂਦੀਆਂ ਰੂਹਾਂ ਵਿਚ,
ਬੇ-ਰੋਕ ਰੁਮਕਦੀਆਂ 'ਵਾਵਾਂ ਵਿਚ ।
ਬੇ-ਡੋਰ ਖੰਭਾਂ ਦੀ ਫਰ ਫਰ ਵਿਚ,
ਆਜ਼ਾਦ ਰੁੱਖਾਂ ਦੀਆਂ ਛਾਂਵਾਂ ਵਿਚ ।
        ਤੇਰਾ ਰੋਸ਼ਨ ਚਿਹਰਾ ਤਕ ਕੇ ਮੈਂ,
        ਤੈਥੋਂ ਕੁਝ ਪੁਛਣਾ ਚਾਂਹਦਾ ਹਾਂ
            ਪਰਦੇਸੋਂ ਆਇ ਵੀਰਾ ! ਦਸ ।

੨.

ਓਥੇ ਵੀ ਵਤਨੀ ਆਪੋ ਵਿਚ,
ਰੁੱਠੇ ਹੀ ਰੁੱਠੇ ਰਹਿੰਦੇ ਨੇ ?
ਨਾ ਇਕ ਥਾਂ ਰਲ ਕੇ ਖਾਂਦੇ ਨੇ ?
ਨਾ ਇਕ ਥਾਂ ਰਲ ਕੇ ਬਹਿੰਦੇ ਨੇ ?



Digitized by Panjab Digital Library | www.panjabdigilib.org

ਸਗੋਂ ਵਾਜੇ ਸਿਰੋਂ, ਨਮਾਜ਼ ਸਿਰੋਂ
ਆਪੋ ਵਿਚ ਖਹਿਬੜ ਪੈਂਦੇ ਨੇ ?

ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ

੩.

ਕਦੇ ਉਦੇ ਵੀ ਸਿਰ ਪਾਟੇ ਨੇ,
ਝਟਕੇ ਦੇ ਸਿਰੋਂ, ਹਲਾਲ ਸਿਰੋਂ ?
ਜੀਵਨ ਦੇ ਵਖਰੇ ਢੰਗ ਸਿਰੋਂ,
ਰਾਹ ਵਖਰੇ, ਵਖਰੀ ਚਾਲ ਸਿਰੋਂ ?
ਪੂਜਾ ਦੀਆਂ ਵਖਰੀਆਂ ਵਿਧੀਆਂ ਤੋਂ,
ਰਾ ਵਖਰੀ, ਵਖਰੇ ਖ਼ਜਾਲ ਸਿਰੋਂ ?

ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ



Digitized by Panjab Digital Library | www.panjabdigilib.org

੪.

ਪਾਖੰਡ ਧਰਮ ਦਾ ਹੈ ਉਥੇ,
ਬੇ-ਦਿਲ ਇਤਨਾ, ਮੂੰਹ-ਜ਼ੋਰ ਇਤਨਾ?
ਸਤਕਾਰ ਉਥੇ ਵੀ ਪਾਂਦੇ ਨੇ,
ਹਡ-ਰਖ, ਵਿਹਲੜ, ਕੰਮ-ਚੋਰ ਇਤਨਾ?
ਇਕ ਰਬ ਦੇ ਵਖਰੇ ਨਾਵਾਂ ਤੋਂ,
ਮਚਦੈ ਉਥੇ ਵੀ ਸ਼ੋਰ ਇਤਨਾ ?
ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ?
ਪਰਦੇਸੋਂ ਆਇ ਵੀਰਾ! ਦਸ ।

੫.

ਇਕ ਰੋਜ਼ੇ ਤੋਂ, ਇਕ ਰੋਗੀ ਤੋਂ,
ਉਥੇ ਵੀ ਜੰਨਤ ਵਿਕਦੇ ਨੇ ?
ਇਨਸਾਨੀ ਸਿਰ, ਇਨਸਾਨਾਂ ਦੇ –
ਪੈਰਾਂ ਤੇ ਇੰਝੇ ਟਿਕਦੇ ਨੇ ?
ਤੇ ਭੇਡਾਂ ਵਾਂਗ ਮੁਰੀਦਾਂ ਨੂੰ
ਉਥੇ ਵੀ ਮੁਰਸ਼ਦ ਹਿਕਦੇ ਨੇ ?



Digitized by Panjab Digital Library | www.panjabdigilib.org

ਮੇਰੇ ਭਾਰਤ ਵਾਂਗਰ ਉਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੬.

ਵਡਿਆਇਆ ਜਾਂਦੈ ਉਥੇ ਵੀ,
ਜੰਞੂਆਂ, ਤਿਲਕਾਂ, ਮਹਿਰਾਬਾਂ ਨੂੰ ?
ਕੁਝ ਰਬ ਦੀ ਬਖ਼ਸ਼ਸ਼ ਹਾਸਿਲ ਹੈ,
ਦਰਿਆਵਾਂ, ਸਰਾਂ, ਤਲਾਬਾਂ ਨੂੰ ?
ਪੱਥਰ ਦੇ ਬੁਤਾਂ, ਕੰਧਾਂ ਨੂੰ
ਤਸਵੀਰਾਂ ਅਤੇ ਕਿਤਾਬਾਂ ਨੂੰ ?
ਮੇਰੇ ਭਾਰਤ ਵਾਂਗਰ ਉਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੭.

ਤੇਰੀ ਅਖ ਉਥੇ ਵੀ ਤਕਦੀ ਸੀ ?
ਬਾਵੇ, ਗੁਰੂ, ਮੁਰਸ਼ਦ ਪੀਰ ਇਤਨੇ ?
ਸੰਨਿਆਸੀ, ਨਾਂਗੇ, ਸੰਤ ਇਤਨੇ,
ਜੋਗੀ ਤੇ ਸਾਧ ਫ਼ਕੀਰ ਇਤਨੇ ?



Digitized by Panjab Digital Library | www.panjabdigilib.org

ਪਏ ਨੇ ਉਸ ਦੇਸ ਦੀ ਰੂਹ ਨੂੰ ਵੀ,
ਬੰਧਨ ਇਤਨੇ, ਜ਼ੰਜੀਰ ਇਤਨੇ ?
ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੮.

ਓਥੇ ਵੀ ਵਤਨੀ-ਭਾਵਾਂ ਨੂੰ,
ਫੜ ਛੁਰੀਆਂ ਕੋਹਿਆ ਜਾਂਦਾ ਹੈ ?
ਦੋਜ਼ਖ਼ ਦੇ ਹਉਏ ਦਸ ਦਸ ਕੇ,
ਹੱਥੋਂ ਟੁਕ ਖੋਹਿਆ ਜਾਂਦਾ ਹੈ ?
ਬੇ-ਵਕਤਾ ਰਾਗ ਤਅੱਸਬ ਦਾ,
ਹਰ ਮੌਕੇ ਛੋਹਿਆ ਜਾਂਦਾ ਹੈ ?
ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੯.

ਇਤਨੀ ਹੀ ਸ਼ੁਹਰਤ ਹਾਸਲ ਹੈ,
ਓਥੇ ਪਾੜੂ-ਇਤਿਹਾਸਾਂ ਨੂੰ ?



Digitized by Panjab Digital Library | www.panjabdigilib.org

ਲੁਕ ਲੁਕ ਕੇ ਬਹਿਣਾ ਪੈਂਦਾ ਹੈ,
ਸਾਂਝੇ ਜੀਵਨ ਦੀਆਂ ਆਸਾਂ ਨੂੰ ?
ਛੁਟਿਆ ਕੇ ਖੋਜ ਦਲੀਲਾਂ ਨੂੰ,
ਵਡਿਆਇਆ ਜਾਂਦੈ ਕਿਆਸਾਂ ਨੂੰ ?
ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਵੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

## ੧੦.

ਉਥੇ ਵੀ ਜਿਊਂਦੇ, ਮੋਇਆਂ ਤੋਂ,
ਹੱਥ ਜੋੜ ਮੁਰਾਦਾਂ ਮੰਗਦੇ ਨੇ ?
ਤੇ ਵਿਹਲੜ, ਰਾਖੇ ਹੱਡੀਆਂ ਦੇ,
ਰੱਜ ਖਾਂਦੇ, ਵਾਹ ਹੱਥ ਰੰਗਦੇ ਨੇ ?
ਲੋਕੀ ਦੁਨਿਆਵੀ-ਰੀਝਾਂ ਨੂੰ,
ਸਵਰਗਾਂ ਦੇ ਅੰਦਰ ਟੰਗਦੇ ਨੇ ?
ਮੇਰੇ ਭਾਰਤ ਵਾਂਗਰ ਉੱਥੇ ਵੀ,
ਸਭ ਕੁਝ ਇੰਵੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।



Digitized by Panjab Digital Library | www.panjabdigilib.org

## ੧੧.

ਕਦੇ ਜ਼ਿਕਰ ਉਥੇ ਵੀ ਸੁਣਿਆ ਈ,
ਸੰਘਠਨ ਦਾ ਜਾਂ ਤਨਜ਼ੀਮਾਂ ਦਾ ?
ਨਾਹਰਾ ਸ਼ੁੱਧੀ, ਤਬਲੀਗਾਂ ਦਾ,
ਪਾਕਿਸਤਾਨੀ ਤਕਸੀਮਾਂ ਦਾ ?
ਸਤਕਾਰ ਉਥੇ ਵੀ ਹੋਂਦਾ ਹੈ,
ਵੰਡੂ, ਭਰਾ-ਮਾਰ ਮਕੀਮਾਂ ਦਾ ?
ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

## ੧੨.

ਨਫ਼ਰਤ ਭੜਕਾਈ ਜਾਂਦੀ ਏ,
ਅਫ਼ਸੋਸ ਦੇ ਅਥਰੂ ਰੋਣ ਦੀ ਥਾਂ ?
ਵਖ ਕੀਤਾ ਜਾਂਦੇ ਵੀਰਾਂ ਨੂੰ,
ਇਕ ਸਾਂਝੀ ਲੜੀ ਪਰੋਣ ਦੀ ਥਾਂ ?
ਹੈ ਫ਼ਖ਼ਰ ਵਖੇਵੇਂ, ਵੰਡੀਆਂ ਤੇ,
ਰਜ ਕੇ ਸ਼ਰਮਿੰਦਾ ਹੋਣ ਦੀ ਥਾਂ ?



Digitized by Panjab Digital Library | www.panjabdigilib.org

ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ?
ਪਰਦੇਸੋਂ ਆਇ ਵੀਰਾ! ਦਸ।

੧੩.

ਜੀਵਨ ਦੇ ਹਰ ਇਕ ਪਹਿਲੂ ਤੇ,
ਓਥੇ ਵੀ ਮਜ਼ਹਬ ਛਾਇਆ ਹੈ?
ਰਬ ਦੇ ਏਜੈਂਟਾਂ ਉਥੇ ਵੀ,
ਏਨਾਂ ਪਰਪੰਚ ਰਚਾਇਆ ਹੈ?
ਉਥੇ ਵੀ ਨਰਕਾਂ, ਸੁਰਗਾਂ ਨੇ,
ਜੀਵਨ ਨੂੰ ਨਰਕ ਬਣਾਇਆ ਹੈ।
ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ?
ਪਰਦੇਸੋਂ ਆਇ ਵੀਰਾ! ਦਸ।

੧੪.

ਓਥੇ ਵੀ ਕਿਸਮਤ ਮੰਨਦੇ ਨੇ,
ਆਹਲਸ ਨੂੰ ਤੇ ਬੇ-ਕਾਰੀ ਨੂੰ?
ਕਹਿੰਦੇ ਮਜਬੂਰੀ ਭਾਗਾਂ ਦੀ,
ਭੁਖ ਨੰਗ ਨੂੰ, ਬੇ-ਰੁਜ਼ਗਾਰੀ ਨੂੰ?



Digitized by Panjab Digital Library | www.panjabdigilib.org

ਅਤੇ ਰਬ ਦਾ ਗ਼ੁੱਸਾ ਕਹਿੰਦੇ ਨੇ,
ਹਰ ਰੋਗ ਨੂੰ, ਹਰ ਬੀਮਾਰੀ ਨੂੰ ?
ਮੇਰੇ ਭਾਰਤ ਵਾਂਗਰ ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੧੫.

ਓਥੇ ਵੀ ਚੁੰਮਿਆ ਜਾਂਦਾ ਹੈ,
ਹਥ ਕੜੀਆਂ ਨੂੰ, ਜ਼ੰਜੀਰਾਂ ਨੂੰ ?
ਲਿਖੀਆਂ ਤਕਦੀਰਾਂ ਕਰਦੀਆਂ ਨੇ,
ਮੁੜ ਕੇ ਠਿਠ ਤਦਬੀਰਾਂ ਨੂੰ ?
ਪਰਸ਼ਾਦ ਚੜ੍ਹਾਇ ਜਾਂਦੇ ਨੇ,
ਬੁਤਾਂ ਨੂੰ ਤੇ ਤਸਵੀਰਾਂ ਨੂੰ,
ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ ।

੧੬.

ਓਥੇ ਵੀ ਬੰਨ੍ਹ ਬੰਨ੍ਹ ਰਖਦੇ ਨੇ,
ਕਿਸੇ ਵਿਧਵਾ ਦੇ ਅਰਮਾਨਾਂ ਨੂੰ ?



Digitized by Panjab Digital Library | www.panjabdigilib.org

ਕੋਹ ਧਰਦੇ ਮਈਆਂ ਰਸਮਾਂ ਤੋਂ,
ਤੁਰਦੇ ਜਿਊਂਦੇ ਇਨਸਾਨਾਂ ਨੂੰ ?
ਨਾ ਭੁੱਲਣ ਦੀ ਮਜਬੂਰੀ ਹੈ,
ਇਨ੍ਹਾਂ ਝਖੜਾਂ ਨੂੰ ਤੂਫ਼ਾਨਾਂ ਨੂੰ ?
ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ।

੧੭.

ਓਥੇ ਵੀ ਹਸਦੇ ਹੋਠਾਂ ਨੂੰ,
ਮੁਜਰਮ ਠਹਿਰਾਇਆ ਜਾਂਦਾ ਹੈ ?
ਅਤੇ ਹਸਰਤ ਭਰੀਆਂ ਅਖੀਆਂ ਤੇ,
ਝਟ ਫ਼ਤਵਾ ਲਾਇਆ ਜਾਂਦਾ ਹੈ ?
ਓਥੇ ਵੀ ਦਿਲ ਦੀ ਧੜਕਣ ਨੂੰ,
ਝਟ ਘੂਰ ਬਹਾਇਆ ਜਾਂਦਾ ਹੈ ?
ਮੇਰੇ ਭਾਰਤ ਵਾਂਗਰ, ਓਥੇ ਵੀ,
ਸਭ ਕੁਝ ਇੰਝੇ ਹੀ ਹੋਂਦਾ ਹੈ ?
ਪਰਦੇਸੋਂ ਆਇ ਵੀਰਾ ! ਦਸ।



Digitized by Panjab Digital Library | www.panjabdigilib.org

# ਇਕ ਮੋੜ

ਹੈ ਦਿਲਚਸਪ ਔਰਤ ਦੇ ਜੀਵਨ ਦਾ ਰਾਹ।
ਨਜ਼ਾਰੇ ਨਵੇਂ ਨਿਤ ਹੈ ਤਕਦੀ ਨਿਗਾਹ।
ਕਦੇ ਖੇਡਦੀ ਦਿਸਦੀ ਗੁਡੀਆਂ ਦੇ ਨਾਲ।
ਕਦੇ ਖੇਹਨੂੰਆਂ ਨਾਲ ਪਾਂਦੀ ਏ ਥਾਲ।
ਕਦੇ ਫੜਦੀ ਚਾਈਂ ਭਰਾਵਾਂ ਦਾ ਹੱਥ।
ਵਟਾਂਦੀ ਏ ਕੰਮਾਂ 'ਚ ਮਾਵਾਂ ਦਾ ਹੱਥ।
ਫਿਰ ਆ ਜਾਂਦਾ ਏ ਇਕ ਅਜਿਹਾ ਵੀ ਮੋੜ।
ਇਹ ਮਹਿਸੂਸ ਕਰਦੀ ਏ ਸਾਥੀ ਦੀ ਲੋੜ।

*

ਇਸਤ੍ਰੀ ਦੀ ਮੁਸਕਾਨ ਘਰ ਚੋਂ ਸਾਰੀ ਚਿੰਤਾ ਹੂੰਝ ਕਢਦੀ ਹੈ।
'ਸੈਕਰੀਫ਼ਾਈਸ' ਵਿਚੋਂ

ਇਸਤ੍ਰੀ ! ਤੇਰੇ ਹਾਸੇ ਵਿਚ ਜੀਵਨ-ਚਸ਼ਮੇ ਦਾ ਸੰਗੀਤ ਹੈ।
ਤੂੰ ਦੁਨੀਆਂ ਦੇ ਦਿਲ ਨੂੰ ਘੇਰਾ ਪਾਇਆ ਹੋਇਆ ਹੈ
ਆਪਣੇ ਹੰਝੂਆਂ ਦੀਆਂ ਡੂੰਘਾਣਾ ਨਾਲ, ਜਿਸ ਤਰ੍ਹਾਂ ਸਾਗਰ ਨੇ ਧਰਤੀ ਨੂੰ।
ਹੇ ਇਸਤ੍ਰੀ ! ਤੂੰ ਨਿਰੀ ਰੱਬ ਦੀ ਹੀ ਕਾਰੀਗਰੀ ਨਹੀਂ ਹੈਂ,
ਸਗੋਂ ਆਦਮੀ ਦੀ ਵੀ।
ਇਹ ਸਦਾ ਹੀ ਤੈਨੂੰ ਸ਼ਿੰਗਾਰਦਾ ਰਹਿੰਦਾ ਹੈ ਆਪਣੇ ਦਿਲ ਵਿਚਲੀ
ਸੁੰਦਰਤਾ ਨਾਲ।
ਤੂੰ ਅੱਧੀ ਇਸਤ੍ਰੀ ਹੈਂ ਤੇ ਅੱਧੀ ਸੁਪਨਾ। 'ਗਾਰਡਨਰ' ਵਿਚੋਂ
—ਟੈਗੋਰ



Digitized by Panjab Digital Library | www.panjabdigilib.org

ਔਰਤ ਦੇ ਜੀਵਨ-ਮਾਰਗ ਤੇ,
ਇਕ ਉਹ ਥਾਂ ਵੀ ਆ ਜਾਂਦਾ ਹੈ ।
ਜਿਥੇ ਕਾਂਇਆਂ ਬਦਲੀ ਜਾਂਦੀ ਏ,
ਜੀਵਨ ਪਲਟਾਇਆ ਜਾਂਦਾ ਹੈ ।

ਮੋਹ ਛਡ ਕੇ ਭੈਣਾਂ, ਵੀਰਾਂ ਦਾ,
ਸੁਖ ਪਿਉ ਦੀਆਂ ਠੰਢੀਆਂ ਛਾਵਾਂ ਦਾ ।
ਇਕ ਸਾਥੀ ਚੁਣਨਾ ਪੈਂਦਾ ਹੈ,
ਛਡ ਲਾਡ ਲਡਿਕੀਆਂ ਮਾਂਵਾਂ ਦਾ ।

ਅਲਬੇਲਾ-ਜੀਵਨ ਪੇਕਿਆਂ ਦਾ,
ਕਿਸੇ ਆਹਰੇ ਲਾਣਾ ਪੈਂਦਾ ਹੈ ।
ਦਿਲ ਭੇਟਾ ਕਰ ਕੇ, ਸਾਥੀ ਨੂੰ,
ਜਿਤਣਾ, ਅਪਨਾਣਾ ਪੈਂਦਾ ਹੈ ।

ਕਾਨੂੰਨ ਹੈ ਕਿਉਂਕਿ ਕੁਦਰਤ ਦਾ,
'ਬਿਨ ਸਾਥੀ ਜੀਣਾ, ਜੀਣਾ ਨਹੀਂ ।
'ਬਿਨ ਸਾਥੀ ਖਾਣਾ, ਖਾਣਾ ਨਹੀਂ,
'ਬਿਨ ਸਾਥੀ ਪੀਣਾ, ਪੀਣਾ ਨਹੀਂ ।


Digitized by Panjab Digital Library | www.panjabdigilib.org

ਦੁਨੀਆਂ ਵਿਚ ਜਿਸ ਦੀ ਸਾਂਝ ਨਹੀਂ;
ਬੇ-ਸਾਥੀ, ਕਲ-ਮੁ-ਕੱਲਾ ਹੈ।
ਉਸ ਜੀਵਨ-ਮੰਤਵ ਜਾਤਾ ਨਹੀਂ,
ਕੋਈ ਖ਼ਬਤੀ ਹੈ ਜਾਂ ਝੱਲਾ ਹੈ।

ਔਰਤ ਦੇ ਦਿਲ ਦੀ ਕੁਦਰਤ ਨੇ,
ਜਿਸ ਵੇਲੇ ਬਣਤ ਬਣਾਈ ਸੀ।
ਇਕ ਤਾਂਘ ਪਿਆਰੇ ਸਾਥੀ ਦੀ,
ਇਸ ਵਿਚ ਓਦੋਂ ਹੀ ਪਾਈ ਸੀ।

ਮਾਂ ਪਿਓ ਦੇ ਲਾਡ ਪਿਆਰ 'ਚ ਵੀ,
ਹੈ ਥੋਹੜ ਇਨੂੰ ਇਕ ਸਾਥੀ ਦੀ।
ਸੌ ਭੈਣ-ਭਰਾ ਦੇ ਹੁੰਦਿਆਂ ਵੀ,
ਹੈ ਲੋੜ ਇਨੂੰ ਇਕ ਸਾਥੀ ਦੀ।

ਜਿਨੂੰ ਦਿਲ ਦੀਆਂ ਸੱਭੇ ਦੱਸ ਸਕੇ,
ਅਰਮਾਨ ਜਿਦ੍ਹੇ ਸਭ ਜਾਣ ਸਕੇ।
ਜਿਨੂੰ ਜੀਵਨ ਦਾ ਆਨੰਦ ਦੇ ਕੇ,
ਇਕ ਸ੍ਵਰਗ-ਹੁਲਾਰਾ ਮਾਣ ਸਕੇ।

ਇਹ ਵੀਰਾਂ ਕੋਲੋਂ ਸੰਗੇਗੀ,
ਮਾਂ-ਪਿਉ ਕੋਲੋਂ ਸ਼ਰਮਾਇਗੀ।



Digitized by Panjab Digital Library | www.panjabdigilib.org

ਪਰ ਸਾਥੀ-ਅੱਖ ਦੇ ਦੇਖਦਿਆਂ,
ਇਹ ਦਿਲ ਤੋਂ ਪਰਦਾ ਚਾਇਗੀ।

ਇਹ ਲਭ ਕੇ ਜੀਵਨ ਸਾਥੀ ਨੂੰ,
ਦਿਲ ਘੋਲ ਘੁਮਾਣਾ ਚਾਂਹਦੀ ਏ।
ਕਰ ਸਾਂਝ ਉਹਦੇ ਨਾਲ ਜੀਵਨ ਦੀ,
ਇਕ ਸਵਰਗ ਬਣਾਣਾ ਚਾਂਹਦੀ ਏ।

ਇਹ ਪੁਤਲੀ ਏ ਕੁਰਬਾਨੀ ਦੀ,
ਦਿਲ ਸਦਕੇ ਕਰਨਾ ਚਾਂਹਦੀ ਏ।
ਇਸ ਵਿਚ ਹੈ ਸਿਫਤ ਪਤੰਗੇ ਦੀ,
ਹਸ ਹਸ ਕੇ ਮਰਨਾ ਚਾਂਹਦੀ ਏ।

ਹੈ ਖ਼ੁਸ਼ੀਆਂ ਦੀ ਸਿਰਤਾਜ ਖ਼ੁਸ਼ੀ,
ਇਹ ਸਭ ਤੋਂ ਚੰਗੀ ਕਿਸਮਤ ਹੈ।
ਇਕ ਐਸਾ ਸਾਥੀ ਮਿਲ ਜਾਣਾ,
ਕੁਦਰਤ ਦੀ ਵੱਡੀ ਨਿਹਮਤ ਹੈ।

ਪਰ ਮਿਲ ਜਾਣਾ ਹੀ ਕਾਫ਼ੀ ਨਹੀਂ,
ਇਕ ਮੇਰੀ ਗਲ ਵੀ ਯਾਦ ਰਹੇ।
ਇਸ ਰਿਸ਼ਤੇ ਦੇ ਵਿਚ ਲਾਜ਼ਮ ਹੈ,
ਕਾਇਮ ਪਲ ਪਲ ਵਿਚ ਸੁਆਦ ਰਹੇ।



Digitized by Panjab Digital Library | www.panjabdigilib.org

ਦਿਲ ਸਾਥੀ ਦਾ ਅਪਨਾਣ ਲਈ,
ਦਿਲ ਭੇਟਾ ਧਰਨਾ ਪੈਂਦਾ ਹੈ।
ਉਨੂੰ ਘੋਖਣ ਦਾ, ਉਨੂੰ ਸਮਝਣ ਦਾ,
ਕੁਝ ਹੀਲਾ ਕਰਨਾ ਪੈਂਦਾ ਹੈ।

ਇਹ ਕਿਹੜੇ ਸੁਫ਼ਨੇ ਤਕਦਾ ਏ ?
ਕੀਕਰ ਖ਼ੁਸ਼ ਕੀਤਾ ਜਾ ਸਕਦੈ ?
ਇਹ ਕਿਵੇਂ ਹਸਾਇਆ ਜਾ ਸਕਦੈ ?
ਕੀਕਰ ਰੀਝਾਇਆ ਜਾ ਸਕਦੈ ?

ਇਹ ਕਿਹੜੀ ਹਸਰਤ ਰਖਦਾ ਏ ?
ਇਹ ਕਿਉਂ ਪਿਆ ਛਮ ਛਮ ਰੋਂਦਾ ਏ ?
ਇਸ ਵੇਲੇ ਇਸ ਦੀ ਚਾਹ ਕੀ ਏ ?
ਇਹਦੇ ਦਿਲ ਵਿਚ ਕੀ ਪਿਆ ਹੋਂਦਾ ਏ ?

ਅਖ ਸਮਝੇ ਬੋਲੀ ਅਖੀਆਂ ਦੀ,
ਦਿਲ ਦਿਲ ਦੀਆਂ ਰਮਜ਼ਾਂ ਪਾ ਜਾਵੇ।
ਇਹ ਬਿਨ-ਆਖੇ ਹੀ ਸਮਝ ਲਵੇ,
ਉਹ ਬਿਨ ਬੋਲੇ ਸਮਝਾ ਜਾਵੇ।

ਠੋਹਕਰ ਤੋਂ ਇਨੂੰ ਬਚਾਣਾ ਹੈ,
ਇਹ ਨਾਜ਼ਕ ਰਿਸ਼ਤਾ ਦਿਲ ਦਾ ਏ।



Digitized by Panjab Digital Library | www.panjabdigilib.org

ਹੱਥਾਂ 'ਚੋਂ ਖੁੰਝਿਆ ਇਕ ਮੌਕਾ,
ਜੀਵਨ ਭਰ ਮੁੜ ਨਹੀਂ ਮਿਲਦਾ ਏ

ਕੋਈ ਗ਼ਲਤੀ, ਲਾ-ਪਰਵਾਹੀ ਕਰ,
ਹੱਥਾਂ ਚੋਂ ਬਾਜ਼ ਉਡਾ ਛਡਣਾ।
ਫਿਰ ਦਿਲ ਨੂੰ ਧੋਖਾ ਦੇਣ ਲਈ,
ਕਿਸਮਤ ਦੇ ਮੱਥੇ ਲਾ ਛਡਣਾ।

ਇਹ ਕਹਿ ਕੇ ਹਿੰਮਤ ਛਡ ਦੇਣੀ,
'ਦਿਲ ਜਿਤਣਾ ਡਾਢਾ ਔਖਾ ਹੈ'।
ਮੈਂ ਕਹਿਨਾਂ 'ਦਿਲ ਵਿਚ ਚਾਹ ਹੋਵੇ,
ਫਿਰ ਦਿਲ ਜਿਤਣਾ ਕੰਮ ਸੌਖਾ ਹੈ'।

ਪਰ ਇਸ ਦੁਨੀਆ ਦੀ ਮੰਡੀ ਵਿਚ,
ਮੁਲ ਦਏ ਬਿਨਾਂ ਕੁਝ ਮਿਲਦਾ ਨਹੀਂ।
ਆਪਣਾ ਦਿਲ ਤਦ ਤਕ ਖਿਲਦਾ ਨਹੀਂ।
ਜਦ ਤਕ ਸਾਥੀ ਦਾ ਦਿਲ ਖਿਲਦਾ ਨਹੀਂ।

ਮਾਯੂਸ ਰਹੇਗਾ, ਖ਼ੁਸ਼ੀਆਂ ਨੂੰ,
ਜਿਹੜਾ ਹੋਰ ਕਿਸੇ ਥਾਂ ਤਕਦਾ ਏ।
ਸਾਥੀ ਦੀ ਹਸਦੀ ਅੱਖ 'ਚੋਂ ਹੀ,
ਮੂੰਹ ਆਪਣਾ ਖ਼ੁਸ਼ ਦਿਸ ਸਕਦਾ ਏ।



Digitized by Panjab Digital Library | www.panjabdigilib.org

ਇਸ ਪੈਂਡੇ ਵਿਚ ਜਿਸ ਸਾਥੀ ਨੇ,
ਸਾਥੀ ਦਾ ਦਿਲ ਨਹੀਂ ਪਾ ਲਿਆ ਏ ।
ਉਸ ਨੇ ਇਕ ਰੱਬ ਰੁਸਾਂ ਲਿਆ ਏ,
ਹੱਥੋਂ ਇਕ ਸ੍ਵਰਗ ਗੰਵਾ ਲਿਆ ਏ ।

ਜਿਨ੍ਹੇ ਸਾਥੀ ਦਾ ਦਿਲ ਸਮਝ ਲਿਆ,
ਉਸ ਸ੍ਵਰਗਾਂ ਦਾ ਸੁਖ ਮਾਣ ਲਿਆ ।
ਸਾਥੀ ਨੂੰ ਜਿਸ ਨੇ ਜਾਣ ਲਿਆ,
ਬਸ ਉਸ ਨੇ ਰੱਬ ਨੂੰ ਜਾਣ ਲਿਆ ।

ਫ਼ੈਸ਼ਨ ਕਰਨਾ ਕੋਈ ਐਬ ਨਹੀਂ,
ਪਰ ਇਹਨਾਂ ਨਾਲ ਹਯਾ ਹੋਵੇ ।
ਦਿਲ ਵਿਚ ਸਾਥੀ ਦਾ ਹਿਤ ਹੋਵੇ,
ਨਾਲੇ ਬੇ-ਦਾਗ਼ ਵਫ਼ਾ ਹੋਵੇ ।

ਇਸ ਜੀਵਨ-ਪੈਂਡੇ ਵਿਚ ਬੇ-ਸ਼ਕ,
ਕਈ ਉਖਿਆਈਆਂ ਵੀ ਆਉਣਗੀਆ ।
ਤੰਗ ਕਰਸਣ, ਛਿਥਿਆਂ ਪਾਣਗੀਆਂ,
ਘਬਰਾ ਕੇ ਸਬਰ ਅਜ਼ਮਾਉਣਗੀਆਂ ।

ਪਰ ਇਹਨਾਂ ਨਿੱਕੀਆਂ ਗੱਲਾਂ ਤੋਂ,
ਕਦੇ ਮੱਥੇ ਤਿਊੜੀ ਆਵੇ ਨਾ ।



Digitized by Panjab Digital Library | www.panjabdigilib.org

ਜੇ, ਆਵੇ ਵੀ ਤਾਂ ਦਿਲ ਉੱਤੇ,
ਕੋਈ ਤਿਊੜੀ ਛਡ ਕੇ ਜਾਵੇ ਨਾ।

ਦੂਜੇ ਦੀ ਅੱਖੀਓਂ ਉਹਲੇ ਹੋ,
ਕੋਈ 'ਕੱਲਾ ਆਹ ਨਾ ਭਰੇ ਪਿਆ।
ਕੋਈ 'ਕੱਲਾ ਦੁਖ ਨਾ ਜਰੇ ਪਿਆ,
ਨਾ 'ਕੱਲਾ ਮੌਜਾਂ ਕਰੇ ਪਿਆ।

ਚਹੁੰ ਲਸ਼ ਲਸ਼ ਕਰਦੇ ਹੋਠਾਂ 'ਚੋਂ,
ਜੇ 'ਵਾਹ' ਨਿਕਲੇ ਤਾਂ ਕਠਿਆਂ ਦੀ।
ਕੋਈ ਛਿਲਤਰ ਚੁਭੇ ਤਾਂ ਕਠਿਆਂ ਨੂੰ,
ਕੋਈ ਆਹ ਨਿਕਲੇ ਤਾਂ ਕਠਿਆਂ ਦੀ।

ਜਿਸ ਘਰ ਦੀ ਚਾਰ-ਦੀਵਾਰੀ ਵਿਚ,
ਦੋ ਸਾਥੀ ਰਲਕੇ ਹਸਦੇ ਨੇ।
'ਆਵਾਰਾ ਜੀ' ਸੁਖ ਦੁਨੀਆਂ ਦੇ,
ਉਸ ਦੇ ਵਿਚ ਆਕੇ ਵਸਦੇ ਨੇ।

★



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0687

Digitized by Panjab Digital Library | www.panjabdigilib.org

Digitized by Panjab Digital Library | www.panjabdigilib.org